# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 118 | Wednesday, June 19, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਓਟਵਾ ਵੱਲੋਂ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਨੂੰ ਦੂਜੀ ਵਾਰੀ ਦਿੱਤੀ ਗਈ ਹਰੀ ਝੰਡੀ

ਓਟਵਾ, 18 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵਿਵਾਦਗ੍ਰਸਤ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਨੂੰ ਦੂਜੀ ਵਾਰੀ ਹਰੀ ਝੰਡੀ ਦਿੱਤੀ ਗਈ। ਅਜਿਹਾ ਕਰਨ ਦੇ ਬਾਵਜੂਦ ਲਿਬਰਲ ਸਰਕਾਰ ਆਰਥਿਕ ਵਿਕਾਸ ਤੇ ਵਾਤਾਵਰਣ ਦੀ ਹਿਫਾਜ਼ਤ ਵਰਗੇ ਮੁੱਦੇ ਉੱਤੇ ਤਾਲਮੇਲ ਬਿਠਾਉਣਾ ਚਾਹੁੰਦੀ ਹੈ।



ਕੈਨੇਡੀਅਨ ਤੇਲ ਲਈ ਨਵੀਂ ਮਾਰਕਿਟ ਲੱਭਣ ਦੀ ਲੋੜ ਤੇ ਆਪਣੀ ਪਾਰਟੀ ਨੂੰ ਐਨਵਾਇਰਮੈਂਟ ਪੱਖੀ ਦਰਸਾਉਣ ਵਿੱਚ ਫਸੇ ਪ੍ਰਧਾਨ ਮੰਤਰੀ ਨੇ ਪਾਈਪਲਾਈਨ ਪ੍ਰੋਜੈਕਟ ਲਈ ਆਪਣੇ ਵੱਲੋਂ ਬਿਹਤਰ ਕੇਸ ਤਿਆਰ ਕੀਤਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਲਿਬਰਲਾਂ ਦਾ ਇਹ ਫੈਸਲਾ ਵਾਤਾਵਰਣ ਦੇ ਸੰਕਟ ਵਿੱਚੋਂ ਦੇਸ਼ ਨੂੰ ਕੱਢਣ ਦੇ ਉਨ੍ਹਾਂ ਦੇ ਦਾਅਵਿਆਂ ਤੋਂ ਬਿਲਕੁਲ ਉਲਟ ਹੈ।

ਓਟਵਾ ਵਿੱਚ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਕਿਸੇ ਵੀ ਸਰੋਤ ਨੂੰ ਡਿਸਕਾਊਂਟ ਵਿੱਚ ਵੇਚਣ ਦੀ ਆਰਥਿਕ ਜਾਂ ਵਾਤਾਵਰਣ ਪੱਖੋਂ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਆਖਿਆ ਕਿ ਸਾਡੇ ਕੋਲ ਜੋ ਕੁੱਝ ਹੈ ਸਗੋਂ ਸਾਨੂੰ ਉਸ ਦਾ ਲਾਹਾ ਲੈਣਾ ਚਾਹੀਦਾ ਹੈ। ਸਾਨੂੰ ਭਵਿੱਖ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਸਵੱਛ ਊਰਜਾ ਸਬੰਧੀ ਭਵਿੱਖ, ਜੋ ਕਿ ਪਹਿਲਾਂ ਹੀ ਸਾਡੀ ਦਹਿਲੀਜ਼ ਉੱਤੇ ਦਸਤਕ ਦੇ ਰਿਹਾ ਹੈ, ਦਾ ਨਿਰਮਾਣ ਕਰਨਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਇੱਥੇ ਸਵਾਲ ਇਹ ਨਹੀਂ ਹੈ ਕਿ ਵਧੇਰੇ ਜਾਂ ਘੱਟ ਰਵਾਇਤੀ ਊਰਜਾ ਕਿਸ ਤਰ੍ਹਾਂ ਤਿਆਰ ਕੀਤੀ ਜਾਵੇ। ਅਸਲ ਮੁੱਦਾ ਇਹ ਹੈ ਕਿ ਅਸੀਂ ਇਸ ਨੂੰ ਕਿੱਥੇ ਵੇਚ ਸਕਦੇ ਹਾਂ ਤੇ ਉੱਥੋਂ ਤੱਕ ਕਿਵੇਂ ਪਹੁੰਚਿਆ ਜਾਵੇ।ਅਸਲ ਮਨਜ਼ੂਰੀ ਨੂੰ ਫੈਡਰਲ ਕੋਰਟ ਆਫ ਅਪੀਲ ਵੱਲੋਂ ਖਾਰਜ ਕਰ ਦਿੱਤੇ ਜਾਣ ਤੋਂ ਨੌਂ ਮਹੀਨੇ ਬਾਅਦ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਦਾ ਫੈਸਲਾ ਆਇਆ ਹੈ।

# ਬਰੈਂਪਟਨ ਨੇ ਪ੍ਰੋਵਿੰਸ ਤੋਂ ਹੈਲਥਕੇਅਰ ਲਈ ਮੰਗੀ ਫੇਅਰ ਡੀਲ

ਬਰੈਂਪਟਨ, 18 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਹੈਲਥਕੇਅਰ ਲਈ ਬਹੁਤ ਘੱਟ ਫੰਡ ਉਪਲਬਧ ਹਨ। ਬਰੈਂਪਟਨ ਦੇ ਹਸਪਤਾਲਾਂ ਵਿੱਚ ਭੀੜ ਭੜੱਕਾ ਤੇ ਹਾਲਵੇਅ ਵਿੱਚ ਕੀਤਾ ਜਾਣ ਵਾਲਾ ਇਲਾਜ ਆਮ ਵੇਖਿਆ ਜਾ ਸਕਦਾ ਹੈ। ਹੁਣ ਸਿਟੀ ਆਫ ਬਰੈਂਪਟਨ ਵੱਲੋਂ ਓਨਟਾਰੀਓ ਪ੍ਰੋਵਿੰਸ ਤੋਂ ਹੈਲਥ ਕੇਅਰ ਲਈ ਫੌਰੀ ਤੌਰ ਉੱਤੇ ਫੰਡਾਂ ਦੀ ਮੰਗ ਕੀਤੀ ਜਾ ਰਹੀ ਹੈ।




ਇਸ ਸਬੰਧ ਵਿੱਚ ਬੀਤੇ ਦਿਨੀਂ ਬਰੈਂਪਟਨ ਦੀ ਫਾਰਮਰਜ਼ ਮਾਰਕਿਟ ਤੋਂ "ਫੇਅਰਡੀਲ ਫੌਰ ਬਰੈਂਪਟਨ" ਨਾਂ ਤਹਿਤ ਰਸਮੀ ਤੌਰ ਉੱਤੇ ਹੈਲਥਕੇਅਰ ਕੈਂਪੇਨ ਲਾਂਚ ਕੀਤੀ ਗਈ। ਇਸ ਵਿੱਚ ਸ਼ਾਮਲ ਹੋਣ ਦੇ ਕਈ ਰਾਹ ਹਨ। ਬਰੈਂਪਟਨ ਵਾਸੀ ਸਾਡੀ ਕਮਿਊਨਿਟੀ ਵਿੱਚ ਹੈਲਥਕੇਅਰ ਲਈ ਰੱਖੇ ਗਏ ਘੱਟ ਫੰਡਾਂ ਦੇ ਸੇਕ ਨੂੰ ਮਹਿਸੂਸ ਕਰ ਰਹੇ ਹਨ।

- ਪ੍ਰੋਵਿੰਸ ਦੇ ਮੁਕਾਬਲੇ ਹੈਲਥਕੇਅਰ ਫੰਡਿੰਗ ਦੇ ਨਾਂ ਉੱਤੇ ਬਰੈਂਪਟਨ ਨੂੰ ਪ੍ਰਤੀ ਵਿਅਕਤੀ 1000 ਡਾਲਰ ਘੱਟ ਹਾਸਲ ਹੁੰਦੇ ਹਨ।

...ਬਾਕੀ ਪੰਨਾ 6 'ਤੇ

# ਬਰੈਂਪਟਨ ਵਾਸੀ ਪ੍ਰਾਈਡ ਦੇ ਤਿੰਨ ਤਰ੍ਹਾਂ ਦੇ ਜਸ਼ਨਾਂ ਵਿੱਚ ਲੈ ਸਕਣਗੇ ਹਿੱਸਾ



ਬਰੈਂਪਟਨ, 18 ਜੂਨ (ਪੋਸਟ ਬਿਊਰੋ) : ਇਨ੍ਹਾਂ ਗਰਮੀਆਂ ਵਿੱਚ ਬਰੈਂਪਟਨ ਵਾਸੀਆਂ ਤੇ ਵਿਜ਼ੀਟਰਜ਼ ਨੂੰ ਐਲਜੀਬੀਟੀਕਿਊ ਕਮਿਊਨਿਟੀ ਨਾਲ ਤਿੰਨ ਤਰ੍ਹਾਂ ਦੇ ਈਵੈਂਟਸ ਵਿੱਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਇਨ੍ਹਾਂ ਵਿੱਚੋਂ ਦੋ ਈਵੈਂਟ ਤਾਂ ਪਹਿਲੀ ਵਾਰੀ ਕਰਵਾਏ ਜਾ ਰਹੇ ਹਨ।

22 ਜੂਨ ਨੂੰ ਮੇਅਰ ਬ੍ਰਾਊਨ ਤੇ ਕਾਊਂਸਲ ਵੱਲੋਂ ਪ੍ਰਾਈਡ ਪਰੇਡ ਦੀਆਂ ਤਿਆਰੀਆਂ ਲਈ ਦੁਪਹਿਰ ਦੇ 2:00 ਵਜੇ ਤੋਂ 4:00 ਵਜੇ ਤੱਕ ਪਾਰਟੀ ਰੱਖੀ ਗਈ ਹੈ। ਇਸ ਈਵੈਂਟ ਵਿੱਚ ਡੀਜੇ, ਰਿਫਰੈਸ਼ਮੈਂਟਸ ਤੇ ਬਲੂਨ ਆਰਟਿਸਟ ਹੋਵੇਗਾ। ਅਗਲੇ ਦਿਨ ਭਾਵ 23 ਜੂਨ ਦਿਨ ਐਤਵਾਰ ਨੂੰ ਟੋਰਾਂਟੋ ਵਿਖੇ ਹੋਣ ਵਾਲੀ ਪ੍ਰਾਈਡ ਪਰੇਡ ਲਈ ਹਰ ਕਿਸੇ ਨੂੰ ਇਸ ਪਾਰਟੀ ਵਿੱਚ ਗੁਬਾਰਿਆਂ ਰਾਹੀਂ ਕੁੱਝ ਸਿਰਜਣਾਤਮਕ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਪਾਰਟੀ ਨੂੰ ਮੈਰੀਡੀਅਨ ਕ੍ਰੈਡਿਟ ਯੂਨੀਅਨ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ।

23 ਜੂਨ ਨੂੰ ਟੋਰਾਂਟੋ ਦੀ ਪ੍ਰਾਈਡ ਪਰੇਡ ਵਿੱਚ ਮੇਅਰ ਪੈਟ੍ਰਿਕ ਬ੍ਰਾਊਨ ਤੇ ਕਾਊਂਸਲ ਮੈਂਬਰਾਂ ਸਮੇਤ ਸਾਰਿਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਆਜ਼ਾਦੀ, ਐਕਸਪ੍ਰੈਸ਼ਨ, ਪਿਆਰ ਤੇ ਆਪਸੀ ਸਮਝ ਦੇ ਪ੍ਰਗਟਾਵੇ ਲਈ ਇਹ ਉੱਤਰੀ ਅਮਰੀਕਾ ਦਾ ਸੱਭ ਤੋਂ ਵੱਡਾ ਈਵੈਂਟ ਮੰਨਿਆ ਜਾਂਦਾ ਹੈ। ਜੇ ਤੁਸੀਂ ਵੀ ਮੇਅਰ ਤੇ ਕਾਊਂਸਲਰਜ਼ ਨਾਲ ਪ੍ਰਾਇਮਰੀ ਮਾਰਚ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ ਪਿੰਕ ਰੰਗ ਦੀ ਸ਼ਰਟ ਪਾਓ ਤੇ 1:15 ਉੱਤੇ ਟੈੱਡ ਰੋਜਰਜ਼ ਤੇ ਬਲੂਰ ਸਟਰੀਟ ਉੱਤੇ ਮੇਅਰ ਤੇ ਕਾਊਂਸਲ ਨੂੰ ਮਿਲੋ।

ਲਗਾਤਾਰ ਦੂਜੇ ਸਾਲ ਸਿਟੀ ਵੱਲੋਂ ਸਕੁਏਅਰ ਵਿੱਚ ਪ੍ਰਾਈਡ ਪਰੇਡ ਦੀ ਮੇਜ਼ਬਾਨੀ ਕੀਤੀ ਜਾ ਰਹੀ ਹੈ। ਇਸ ਲਈ ਕਲਾ, ਕਾਰਗੁਜ਼ਾਰੀ ਤੇ ਪਰਿਵਾਰਕ ਮਾਹੌਲ ਵਿੱਚ ਪ੍ਰਾਈਡ ਦਾ ਆਨੰਦ ਮਾਨਣ ਲਈ 7 ਜੁਲਾਈ ਨੂੰ 2 ਤੋਂ 9 ਵਜੇ ਤੱਕ ਗਾਰਡਨ ਸਕੁਏਅਰ ਪਹੁੰਚੋ। ਇਸ ਮੌਕੇ ਫੇਅ ਐਂਡ ਫਲੱਫੀ, ਫਲਾਇ ਲੇਡੀ ਡੀ ਤੇ ਕੁਆਰਟਰਬੈਕ ਵਰਗੇ ਕਲਾਕਾਰ ਤੁਹਾਡਾ ਮਨੋਰੰਜਨ ਕਰਨਗੇ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇਨਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

PROTECT YOUR HOME FROM PESTS
Pest Control
Low Rates/Excellent
100% Success rate for bed bug Treatment Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA TRANSPORT LTD.

# LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com

# TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill


APEX CONCRETE & LANDSCAPE RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize


FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com



Laddi



SASH FLEET HOLDING LTD Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com




chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਭਾਜਪਾ ਵਾਲਿਆਂ ਨੇ ਬੈਠਕ ਕਰੀ ਸੁਣਿਆ,
ਲਾਉਣਾ ਵਿੱਚ ਹਰਿਆਣੇ ਈ ਜ਼ੋਰ ਮਿੱਤਰ।
ਸਰਕਾਰਾਂ ਭਾਜਪਾ ਦੀ ਝੋਲੀ ਬਹੁਤ ਬੇਸ਼ੱਕ,
'ਯੇ ਦਿਲ ਮਾਂਗਤਾ' ਅਜੇ ਵੀ ਹੋਰ ਮਿੱਤਰ।
ਸੱਦ ਕੇ ਸੇਵਕ ਅਗੇਤੇ ਜਿਹੇ ਤੋਰ ਦੇਈਏ,
'ਮੋਦੀ-ਮੋਦੀ' ਦਾ ਪਾਉਣਗੇ ਸ਼ੋਰ ਮਿੱਤਰ।
ਕਾਂਗਰਸ ਵਾਲਿਆਂ ਦਾ ਪੱਲਾ ਪਿਆ ਛਣਕੇ,
ਚੌਟਾਲੇ ਟੱਬਰ ਦੀ ਕੱਟ ਗਈ ਡੋਰ ਮਿੱਤਰ।
ਸੁਣਦਾ ਰੌਲਾ ਜਿਹਾ ਸਿਰਫ ਅਕਾਲੀਆਂ ਦਾ,
ਏਧਰ ਝਾਕਣ ਤਾਂ ਦੇਵੇ ਨਹੀਂ ਰਾਹ ਮਿੱਤਰ।
ਸੁਫਨੇ ਵਿੰਹਦੇ ਈ ਦਿੱਲੀ ਨੂੰ ਜਾਣ ਦੇ ਉਹ,
ਏਥੇ ਈ ਸਾਰਾ ਬੁਖਾਰ ਦਿਓ ਲਾਹ ਮਿੱਤਰ।

**ਤੀਸ ਮਾਰ ਖਾਂ**

## ਸ਼੍ਰੋਮਣੀ ਕਮੇਟੀ ਨੇ ਸਿੱਖ ਰੈਫਰੈਂਸ ਲਾਇਬਰੇਰੀ ਮਾਮਲੇ ਬਾਰੇ ਉੱਚ ਪੱਧਰੀ ਜਾਂਚ ਕਮੇਟੀ ਬਣਾਈ

ਅੰਮ੍ਰਿਤਸਰ, 18 ਜੂਨ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਫੈਸਲੇ ਮੁਤਾਬਕ ਸਿੱਖ ਰੈਫਰੈਂਸ ਲਾਇਬਰੇਰੀ ਦੇ ਕੇਸ ਦੀ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਬਣਾਈ ਇਸ ਪੰਜ ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਤੇ ਬੀਬੀ ਜਗੀਰ ਕੌਰ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਲਮੇਘ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰ ਅਮਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਫੌਜੀ ਕਾਰਵਾਈ ਦੌਰਾਨ ਚੁੱਕੇ ਗਏ ਸਿੱਖ ਸਾਹਿਤ ਦਸਤਾਵੇਜ਼ ਵਾਪਸ ਆਉਣ ਦੀਆਂ ਖਬਰਾਂ ਛਪਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਬੀਤੇ ਦਿਨੀਂ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ ਦੀ ਬੈਠਕ ਕਰ ਕੇ ਵੱਡੀ ਗਿਣਤੀ ਵਿੱਚ ਸਾਹਿਤਕ ਖਜ਼ਾਨਾ ਵਾਪਸ ਨਾ ਮਿਲਣ ਦਾ ਦਾਅਵਾ ਕੀਤਾ ਸੀ ਅਤੇ ਨਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਸ ਬਾਰੇ ਉਚ ਪੱਧਰੀ ਸਬ ਕਮੇਟੀ ਬਣਾਉਣ ਲਈ ਕਿਹਾ ਸੀ। ਪ੍ਰਧਾਨ ਲੌਂਗੋਵਾਲ ਨੇ ਕਿਹਾ ਕਿ ਸਿੱਖ ਰੈਫਰੈਂਸ ਲਾਇਬਰੇਰੀ ਬਾਰੇ ਖਬਰਾਂ ਦੀ ਤਹਿ ਤੱਕ ਜਾਣ ਲਈ ਬਣਾਈ ਗਈ ਕਮੇਟੀ ਪਾਰਦਰਸ਼ੀ ਢੰਗ ਨਾਲ ਜਾਂਚ ਕਰੇਗੀ। ਉਨ੍ਹਾਂ ਕਿਹਾ ਕਿ ਮਾਮਲਾ ਕਿਉਂਕਿ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੈ, ਇਸ ਲਈ ਜਾਂਚ ਕਮੇਟੀ 1984 ਤੋਂ ਅੱਜ ਤੱਕ ਦਾ ਰਿਕਾਰਡ ਵੇਖ ਕੇ ਰਿਪੋਰਟ ਦੇਵੇਗੀ।

## ਟਰੰਪ ਨੇ ਖੰਘ ਆਈ ਤੋਂ ਵ੍ਹਾਈਟ ਹਾਊਸ ਦਾ ਅਫਸਰ ਦਫਤਰ ਤੋਂ ਕੱਢਿਆ

ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਆਮ ਤੌਰ 'ਤੇ ਸ਼ਰਾਰਤ ਕਰਨ 'ਤੇ ਵਿਦਿਆਰਥੀਆਂ ਨੂੰ ਕਲਾਸ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ, ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਮਿਕ ਮੁਲਵਾਨੇ ਨੂੰ ਖੰਘ ਆਉਣ 'ਤੇ ਦਫਤਰ ਤੋਂ ਝਿੜਕ ਕੇ ਬਾਹਰ ਕਰ ਦਿੱਤਾ। ਅਸਲ ਵਿੱਚ ਡੋਨਾਲਡ ਟਰੰਪ ਏ ਬੀ ਸੀ ਨਿਊਜ਼ ਚੈਨਲ ਨੂੰ ਇੰਟਰਵਿਊ ਦੇ ਰਹੇ ਸਨ। ਉਸ ਵਕਤ ਕਮਰੇ ਵਿੱਚ ਮੌਜੂਦ ਮਿਕ ਮੁਲਵਾਨੇ ਨੂੰ ਖੰਘ ਆਉਣ ਲੱਗੀ, ਜੋ ਕੈਮਰੇ ਵਿੱਚ ਨਹੀਂ ਦਿੱਸ ਰਹੇ ਸਨ। ਟਰੰਪ ਨੇ ਇਸ ਨੂੰ ਇੱਕ ਵਾਰ ਨਜ਼ਰ ਅੰਦਾਜ਼ ਕੀਤਾ, ਪ੍ਰੰਤੂ ਦੁਬਾਰਾ ਖੰਘ ਆਉਣ ਉਤੇ ਟਰੰਪ ਨੇ ਖਿੱਝਦੇ ਹੋਏ ਕਿਹਾ, ਤੁਸੀਂ ਜਾਣਦੇ ਹੋ ਕਿ ਮੈਨੂੰ ਇਹ ਸਭ ਪਸੰਦ ਨਹੀਂ ਹੈ। ਜੇ ਤੁਸੀਂ ਖੰਘਣਾ ਹੈ ਤਾਂ ਕਮਰੇ 'ਚੋਂ ਬਾਹਰ ਨਿਕਲ ਜਾਓ।' ਟਰੰਪ ਦੇ ਆਦੇਸ਼ 'ਤੇ ਮਿਲ ਮੁਲਵਾਨੇ ਕਮਰੇ 'ਚੋਂ ਬਾਹਰ ਚਲੇ ਗਏ। ਇਸ ਦੇ ਬਾਅਦ ਇੰਟਰਵਿਊ ਫਿਰ ਸ਼ੁਰੂ ਹੋਈ। ਟਰੰਪ ਦੀ ਇਹ ਇੰਟਰਵਿਊ ਐਤਵਾਰ ਨੂੰ ਟੀ ਵੀ ਚੈਨਲ ਉੱਤੇ ਪ੍ਰਸਾਰਿਤ ਵੀ ਹੋਈ। ਇਸ ਦੌਰਾਨ ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਆਪਣੀ ਚੋਣ ਅਤੇ ਰੂਸ ਦੀ ਚੋਣ ਨੂੰ ਪ੍ਰਭਾਵਤ ਕਰਨ ਦੇ ਸਿਲਸਿਲੇ ਵਿੱਚ ਜਾਂਚ ਸਮੇਤ ਕਈ ਮਾਮਲਿਆਂ ਨੂੰ ਲੈ ਕੇ ਜਵਾਬ ਦਿੱਤੇ। ਟਰੰਪ ਨੇ ਆਪਣੀ ਚੋਣ ਵਿੱਚ ਰੂਸ ਦੀ ਮਦਦ ਲੈਣ ਦੇ ਦੋਸ਼ਾਂ ਤੋਂ ਇਨਕਾਰ ਕੀਤਾ। ਨਾਲ ਹੀ ਕਿਹਾ ਕਿ ਇਹ ਗਲਤ ਹੈ ਅਤੇ ਇਹ ਸਭ ਮੀਡੀਆ ਦਾ ਫੈਲਾਇਆ ਹੋਇਆ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



## ਅਹਿਮਦ ਪਟੇਲ ਦਾ ਦੌਰਾ ਟਲਣ ਕਾਰਨ ਸਿੱਧੂ-ਕੈਪਟਨ ਦਾ ਵਿਵਾਦ ਨਹੀਂ ਸੁਲਝ ਸਕਿਆ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਤੁਰੰਤ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਮੰਤਰੀ ਮੰਡਲ ਵਿੱਚ ਕੀਤੇ ਫੇਰਬਦਲ ਦੇ ਬਾਅਦ ਤਿੱਖਾ ਹੋਇਆ ਕੈਪਟਨ-ਸਿੱਧੂ ਵਿਵਾਦ ਸੁਲਝਣ ਦਾ ਨਾਂਅ ਨਹੀਂ ਲੈ ਰਿਹਾ। ਇਸ ਵਿਵਾਦ ਨੂੰ ਸ਼ਾਂਤ ਕਰਨ ਲਈ ਕਾਂਗਰਸ ਹਾਈ ਕਮਾਨ ਨੇ ਸੀਨੀਅਰ ਲੀਡਰ ਅਹਿਮਦ ਪਟੇਲ ਦੀ ਡਿਊਟੀ ਲਾਈ ਹੈ, ਪਰ ਉਨ੍ਹਾਂ ਨੇ ਕੱਲ੍ਹ ਚੰਡੀਗੜ੍ਹ ਆਉਣਾ ਵੀ ਸੀ, ਪਰ ਐਨ ਵਕਤ ਉਤੇ ਉਨ੍ਹਾਂ ਦਾ ਦੌਰਾ ਟਲ ਗਿਆ।

ਜਾਣਕਾਰ ਸੂਤਰਾਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਹਾਲੇ ਇਸ ਬਾਰੇ ਕੁਝ ਕਰਨਾ ਨਹੀਂ ਚਾਹੁੰਦੇ ਅਤੇ ਅਹਿਮਦ ਪਟੇਲ ਨਾਲ ਮੁਲਾਕਾਤ ਟਾਲਣ ਲਈ ਉਨ੍ਹਾਂ ਨੂੰ ਦੱਸ ਦਿੱਤਾ ਗਿਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਿਹਤ ਖਰਾਬ ਹੈ ਅਤੇ ਉਨ੍ਹਾਂ ਨੂੰ ਡਾਕਟਰ ਨੇ ਆਰਾਮ ਦੀ ਸਲਾਹ ਦਿੱਤੀ ਹੈ। ਇਹ ਸੂਚਨਾ ਮਿਲਣ ਪਿੱਛੋਂ ਅਹਿਮਦ ਪਟੇਲ ਨੇ ਕੱਲ੍ਹ ਚੰਡੀਗੜ੍ਹ ਜਾ ਕੇ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਨ ਦਾ ਪ੍ਰੋਗਰਾਮ ਰੱਦ ਕਰ ਦਿੱਤਾ। ਦੂਸਰੇ ਪਾਸੇ ਆਪਣਾ ਨਗਰ ਨਿਗਮ ਵਿਭਾਗ ਬਦਲੇ ਜਾਣ ਤੋਂ ਨਾਰਾਜ਼ ਨਵਜੋਤ ਸਿੰਘ ਸਿੱਧੂ ਪਿਛਲੇ ਤਿੰਨ ਦਿਨ ਤੋਂ ਦਿੱਲੀ ਡੇਰਾ ਲਾਈ ਬੈਠੇ ਹਨ, ਜਿਸ ਕਾਰਨ ਇਹ ਸੰਭਵ ਨਹੀਂ ਕਿ ਅਹਿਮਦ ਪਟੇਲ ਸਿੱਧੂ ਨੂੰ ਨਾਲ ਲੈ ਕੇ ਕੈਪਟਨ ਦੀ ਰਿਹਾਇਸ਼ 'ਤੇ ਉਨ੍ਹਾਂ ਨਾਲ ਗੱਲ ਕਰ ਲੈਂਦੇ।

ਕਾਂਗਰਸ ਸੂਤਰਾਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦੇ ਵਿਵਾਦ ਨੂੰ ਸੁਲਝਾਉਣ ਲਈ ਸਥਾਨਕ ਪੱਧਰ ਦੇ ਦੋਵਾਂ ਦੇ ਕੁਝ ਨੇੜਲੇ ਨੇਤਾਵਾਂ ਨੇ ਯਤਨ ਸ਼ੁਰੂ ਕੀਤੇ ਹਨ, ਪਰ ਚਰਚਾ ਹੈ ਕਿ ਸਿੱਧੂ ਅੜ ਗਏ ਹਨ ਅਤੇ ਸਰਕਾਰ ਵਿੱਚ ਆਪਣੀ ਪ੍ਰਮੋਸ਼ਨ ਵਜੋਂ ਡਿਪਟੀ ਮੁੱਖ ਮੰਤਰੀ ਦਾ ਅਹੁਦਾ ਲੈਣ ਦੀ ਗੱਲ ਕਰਦੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਵੇਲੇ ਵੀ ਇਹੋ ਹੋਇਆ ਸੀ, ਜਦ ਬੀਬੀ ਰਾਜਿੰਦਰ ਕੌਰ ਭੱਠਲ ਨੇ ਕੈਪਟਨ ਦੇ ਵਿਰੋਧ ਵਿੱਚ ਦਿੱਲੀ ਵਿੱਚ ਡੇਰਾ ਲਾਇਆ ਸੀ ਅਤੇ ਵਿਵਾਦ ਸੁਲਝਣ ਦੇ ਬਾਅਦ ਉਨ੍ਹਾਂ ਨੂੰ ਡਿਪਟੀ ਮੁੱਖ ਮੰਤਰੀ ਬਣਾਇਆ ਗਿਆ ਸੀ। ਚਰਚਾ ਇਹ ਵੀ ਹੈ ਕਿ ਸਿੱਧੂ ਨੂੰ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਦਿੱਤੀ ਜਾ ਸਕਦੀ ਹੈ।



ਕਰੋਨਿਕ ਲਿਵਰ ਪਰੋਬਲਮ ਦਾ ਸ਼ੁਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety

ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593


## ਕਾਮਾਗਾਟਾਮਾਰੂ ਪਾਰਕ ਦਾ ਰਸਮੀ ਉਦਘਾਟਨ 22 ਜੂਨ ਨੂੰ

ਬਰੈਂਪਟਨ, 18 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਖੁੱਲ੍ਹਣ ਜਾ ਰਹੇ ਕਾਮਾਗਾਟਾਮਾਰੂ ਪਾਰਕ ਲਈ ਆਯੋਜਿਤ ਕੀਤੇ ਜਾਣ ਵਾਲੇ ਈਵੈਂਟ ਵਿੱਚ ਹਿੱਸਾ ਲੈਣ ਲਈ ਮੇਅਰ ਪੈਟ੍ਰਿਕ ਬ੍ਰਾਊਨ ਤੇ ਕਾਉਂਸਲਰਜ਼ ਵੱਲੋਂ ਮੀਡੀਆ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ। ਕਾਮਾਗਾਟਾਮਾਰੂ ਦੇ ਸਬੰਧ ਵਿੱਚ ਇਹ ਪਹਿਲਾ ਅਜਿਹਾ ਈਵੈਂਟ ਹੈ ਜਿਹੜਾ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਹੋ ਰਿਹਾ ਹੈ। ਇਸ ਸਮਾਰੋਹ ਵਿੱਚ ਬਰੈਂਪਟਨ ਵਾਸੀ ਤੇ ਕਾਮਾਗਾਟਾਮਾਰੂ ਬੇੜੇ ਦੇ ਸਰਵਾਈਵਰਜ਼ ਦੇ ਡਿਸੈਂਡੈਂਟਸ ਵੀ ਹਿੱਸਾ ਲੈਣਗੇ।


ਇਸ ਸਮਾਰੋਹ ਵਿੱਚ ਮੇਅਰ ਪੈਟ੍ਰਿਕ ਬ੍ਰਾਊਨ ਤੇ ਕਾਉਂਸਲਰਜ਼ ਪਾਲ ਵਿਸੈਂਟੇ, ਗੁਰਪ੍ਰੀਤ ਢਿੱਲੋਂ ਤੇ ਹਰਕੀਰਤ ਸਿੰਘ ਵੱਲੋਂ ਇੱਕਠ ਨੂੰ ਸੰਬੋਧਨ ਕੀਤਾ ਜਾਵੇਗਾ। ਇਸ ਦੌਰਾਨ ਕਲਚਰਲ ਐਜੂਕੇਟਰ ਐਜ ਕਵਾਂਦੀਬੇਨਜ਼ ਤੇ ਡਿਸੈਂਡੈਂਟਸ ਆਫ ਕਾਮਾਗਾਟਾਮਾਰੂ ਸੁਸਾਇਟੀ ਦੇ ਵਾਈਸ ਪ੍ਰਧਾਨ ਰਾਜ ਤੂਰ ਵੱਲੋਂ ਰਿਬਨ ਕੱਟ ਕੇ ਇਸ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕੀਤੀ ਜਾਵੇਗੀ। ਇਸ ਮੌਕੇ ਡਿਸੈਂਡੈਂਟਸ, ਮੇਅਰ ਤੇ ਕਾਉਂਸਲਰਜ਼ ਵੱਲੋਂ ਪ੍ਰਤੀਕਾਤਮਕ ਤੌਰ ਉੱਤੇ ਰੁੱਖ ਵੀ ਲਾਏ ਜਾਣਗੇ। ਇਸ ਮੌਕੇ ਸਾਡੇ ਸਪਾਂਸਰ ਪੰਜਾਬੀ ਬਾਇ ਨੇਚਰ ਵੱਲੋਂ ਖਾਣਾ ਵੀ ਮੁਹੱਈਆ ਕਰਵਾਇਆ ਜਾਵੇਗਾ। ਇਹ ਸਮਾਰੋਹ ਕਾਮਾਗਾਟਾਮਾਰੂ ਪਾਰਕ 10705 ਬ੍ਰਾਮੇਲੀਆ ਰੋਡ ਬਰੈਂਪਟਨ, ਓਨਟਾਰੀਓ ਵਿਖੇ 22 ਜੂਨ, 2019 ਦਿਨ ਸ਼ਨਿੱਚਰਵਾਰ ਨੂੰ ਸਵੇਰੇ 11:00 ਵਜੇ ਤੋਂ 12:00 ਵਜੇ ਤੱਕ ਚੱਲੇਗਾ।

## ਸਤਲੁਜ ਪਾਰ ਕਰਦੇ ਸਮੇਂ ਤੂਫਾਨ ਨਾਲ ਬੇੜਾ ਉਲਟਿਆ, ਭਰਾ-ਭੈਣ ਸਮੇਤ ਤਿੰਨ ਮੌਤਾਂ

ਫਿਰੋਜ਼ਪੁਰ, 18 ਜੂਨ (ਪੋਸਟ ਬਿਊਰੋ)- ਕੱਲ੍ਹ ਸ਼ਾਮ ਸਤਲੁਜ ਦਰਿਆ ਦੇ ਪਾਰ ਖੇਤ ਵਿੱਚ ਝੋਨੇ ਦੀ ਬਿਜਾਈ ਕਰ ਕੇ ਬੇੜੇ ਵਿੱਚ ਵਾਪਸ ਘਰ ਮੁੜਦੇ ਪਰਵਾਰ ਦਾ ਬੇੜਾ ਤੂਫਾਨ ਕਾਰਨ ਦਰਿਆ ਵਿੱਚ ਡੁਬ ਗਿਆ ਜਿਸ ਕਾਰਨ ਇੱਕ ਸਕੇ ਭਰਾ-ਭੈਣ ਅਤੇ ਉਨ੍ਹਾਂ ਦੀ ਚਚੇਰੀ ਭੈਣ ਦੀ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਬੇੜੇ ਵਿੱਚ ਅੱਠ ਵਿਅਕਤੀ ਸਨ। ਇਸ ਵਿੱਚ ਪਾਣੀ ਭਰਨ ਨਾਲ ਦਰਿਆ ਵਿੱਚ ਡੁੱਬ ਗਿਆ। ਦਰਿਆ ਵਿੱਚ ਬੇੜੇ ਨੂੰ ਡੁੱਬਦਾ ਦੇਖ ਕੇ ਆਸਪਾਸ ਦੇ ਖੇਤਾਂ ਵਿੱਚ ਝੋਨੇ ਲਾ ਰਹੇ ਪਿੰਡ ਵਾਸੀਆਂ ਨੇ ਪਹੁੰਚ ਕਰ ਕੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿੱਚੋਂ ਤਿੰਨ ਦੇ ਜ਼ਿਆਦਾ ਡੂੰਘੇ ਪਾਣੀ ਵਿੱਚ ਡੁੱਬ ਜਾਣ ਕਾਰਨ ਗੰਭੀਰ ਸਥਿਤੀ ਵਿੱਚ ਨਿੱਜੀ ਹਸਪਤਾਲ ਭਰਤੀ ਕਰਾਇਆ ਗਿਆ ਜਿਨ੍ਹਾਂ ਦੀ ਕੁਝ ਸਮੇਂ ਬਾਅਦ ਮੌਤ ਹੋ ਗਈ ਤੇ ਪੰਜ ਨੂੰ ਸਹੀ ਸਲਾਮਤ ਬਾਹਰ ਕੱਢ ਲਿਆ ਗਿਆ। ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਪਿੰਡ ਛੀਨੇ ਵਾਲੇ ਝੁੱਗੇ ਢਾਣੀ ਮਹਿਤਾਬ ਸਿੰਘ ਪਿੰਡ ਦੇ ਲੋਕ ਪਿੰਡ ਚਾਂਦੀਵਾਲਾ ਦੇ ਖੇਤ ਵਿੱਚ ਝੋਨਾ ਬੀਜਣ ਲਈ ਸਤਲੁਜ ਦਰਿਆ ਪਾਰ ਕਰ ਕੇ ਬੇੜੇ ਵਿੱਚ ਗਏ ਸਨ। ਬਿਜਾਈ ਦਾ ਕੰਮ ਖਤਮ ਕਰ ਕੇ ਬੇੜੇ 'ਚ ਸ਼ਾਮ ਨੂੰ ਘਰ ਮੁੜ ਰਹੇ ਸਨ। ਇਸ ਦੌਰਾਨ ਬੇੜਾ ਦਰਿਆ ਦੇ ਕਿਨਾਰੇ ਪਹੁੰਚਣ ਵਾਲਾ ਸੀ ਕਿ ਇਕਦਮ ਤੂਫਾਨ ਆ ਗਿਆ। ਬੇੜੇ ਦੇ ਝੁਕਣ ਨਾਲ ਉਸ ਵਿੱਚ ਪਾਣੀ ਭਰਨਾ ਸ਼ੁਰੂ ਹੋ ਗਿਆ। ਇਸ ਵਿੱਚ ਅੱਠ ਲੋਕ ਸਨ, ਜੋ ਦਰਿਆ ਵਿੱਚ ਡੁੱਬਣ ਲੱਗੇ ਸਨ, ਉਨ੍ਹਾਂ ਦਾ ਰੌਲਾ ਸੁਣ ਕੇ ਆਸਪਾਸ ਦੇ ਖੇਤਾਂ ਵਿੱਚ ਕੰਮ ਕਰ ਰਹੇ ਲੋਕਾਂ ਨੇ ਬਚਾਉਣ ਦਾ ਕੰਮ ਸ਼ੁਰੂ ਕੀਤਾ। ਤਿੰਨ ਜਣਿਆਂ ਦੇ ਵੱਧ ਡੂੰਘੇ ਪਾਣੀ ਵਿੱਚ ਡੁੱਬ ਜਾਣ ਕਾਰਨ ਉਨ੍ਹਾਂ ਦੀ ਹਾਲਤ ਗੰਭੀਰ ਸੀ ਜਿਨ੍ਹਾਂ ਨੂੰ ਇਲਾਜ ਲਈ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਲਿਆਂਦਾ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਅਤੇ ਬਾਕੀ ਪੰਜ ਜਣਿਆਂ ਨੂੰ ਬਚਾਉਣ ਵਿੱਚ ਪਿੰਡ ਵਾਸੀ ਸਫਲ ਰਹੇ।


PROPERTIES FOR SALE

5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms

47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.


Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc
UK TRUCK TRAINING CENTRE
PCC #179958
Registered as a Private Careers College

Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm

Counterbalance

Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਲੋਕ ਸਭਾ ਵਿੱਚ ਸਹੁੰ ਚੁੱਕਣ ਦੌਰਾਨ 'ਜੈ ਸ਼੍ਰੀ ਰਾਮ' ਅਤੇ 'ਅੱਲ੍ਹਾ ਹੂ ਅਕਬਰ' ਦੇ ਨਾਅਰੇ ਗੂੰਜੇ

ਨਵੀਂ ਦਿੱਲੀ, 18 ਜੂਨ, (ਪੋਸਟ ਬਿਊਰੋ)-ਭਾਰਤੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਦੇ ਪਿਛਲੇ ਮਈ ਵਿੱਚ ਨਵੇਂ ਚੁਣੇ ਗਏ ਮੈਂਬਰਾਂ ਦੇ ਸਹੁੰ ਚੁੱਕਣ ਦੀ ਪ੍ਰਕਿਰਿਆ ਦੇ ਦੂਸਰੇ ਦਿਨ ਅੱਜ ਲੋਕ ਸਭਾ ਵਿੱਚ'ਜੈ ਹਿੰਦ, ਭਾਰਤ ਮਾਤਾ ਦੀ ਜੈ', 'ਜੈ ਸ਼੍ਰੀ ਰਾਮ' ਅਤੇਅਤੇ ਦੂਸਰੇ ਪਾਸੇ'ਅੱਲ੍ਹਾ ਹੂ ਅਕਬਰ' ਦੇ ਨਾਅਰੇ ਗੂੰਜਦੇ ਰਹੇ।



ਅਸਲ ਵਿੱਚ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵਿੱਚੋਂ ਜਦੋਂ ਕੋਈ ਸਹੁੰ ਚੁੱਕਣ ਜਾਂਦਾ ਤਾਂ ਉਨ੍ਹਾਂ ਦੇ ਮੈਂਬਰਾਂ ਵੱਲੋਂ'ਭਾਰਤ ਮਾਤਾ ਦੀ ਜੈ'ਅਤੇ 'ਜੈ ਸ੍ਰੀ ਰਾਮ' ਦੇ ਜੈਕਾਰੇ ਗੂੰਜਦੇ ਸੁਣੇ ਜਾਂਦੇ ਸਨ। ਇਨ੍ਹਾਂ ਦੇ ਦੂਸਰੀ ਤਰਫ ਜਦੋਂ ਅਸਦੁੱਦੀਨ ਓਵੈਸੀ ਨੇ ਸਹੁੰ ਚੁੱਕੀ ਤਾਂ 'ਅੱਲ੍ਹਾ ਹੂ ਅਕਬਰ' ਦਾ ਨਾਅਰਾ ਲਾਇਆ ਤੇ ਤ੍ਰਿਣਮੂਲ ਕਾਂਗਰਸ ਦੇ ਕਈ ਪਾਰਲੀਮੈਂਟ ਮੈਂਬਰਾਂ ਨੇ 'ਜੈ ਕਾਲੀ'(ਕਾਲੀ ਮਾਤਾ) ਦਾ ਨਾਅਰਾ ਲਾ ਦਿੱਤਾ। ਇਸ ਦੌਰਾਨ ਹਾਕਮ ਪੱਖ ਤੇ ਵਿਰੋਧੀ ਧਿਰ ਵਿਚਾਲੇ ਨਾਅਰੇਬਾਜ਼ੀ ਨੇ ਅਗਲੇ ਸਮੇਂ ਵਿੱਚ ਸਦਨ ਦੀ ਕਾਰਵਾਈ ਮੌਕੇ ਹੋਣ ਵਾਲੀ ਤਿੱਖੀ ਨੋਕਝੋਕ ਦਾ ਸੰਕੇਤ ਦੇ ਦਿੱਤਾ ਹੈ।

ਸਹੁੰ ਚੁੱਕਣ ਦੌਰਾਨ ਨਾਅਰੇਬਾਜ਼ੀ ਦੀ ਸ਼ੁਰੂਆਤ ਭੋਪਾਲ ਤੋਂਨਵੀਂ ਪਾਰਲੀਮੈਂਟ ਮੈਂਬਰ ਬਣੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੇ 'ਭਾਰਤ ਮਾਤਾ ਦੀ ਜੈ' ਦਾ ਨਾਅਰਾ ਲਾ ਕੇ ਸੋਮਵਾਰ ਨੂੰ ਕਰ ਦਿੱਤੀ ਸੀ। ਇਸ ਪਿੱਛੋਂ ਇਹਚੱਕਰਮੰਗਲਵਾਰ ਪੂਰਾ ਦਿਨ ਵੀ ਚੱਲਦਾ ਰਿਹਾ। ਜਦੋਂਮੁਸਲਿਮ ਇਤਹਾਦੁਲ ਮੁਸਲਮੀਨ ਦੇ ਮੈਂਬਰ ਅਸਦੁੱਦੀਨ ਓਵੈਸੀ ਦਾ ਨਾਂ ਸਹੁੰ ਚੁੱਕਣ ਲਈ ਪੁਕਾਰਿਆ ਗਿਆ ਤਾਂ ਭਾਜਪਾ ਦੇ ਮੈਂਬਰਾਂ ਨੇ ਬੈਂਚ ਥਾਪੜਦੇ ਹੋਏ 'ਜੈ ਸ਼੍ਰੀ ਰਾਮ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਤੋਂਕੌੜ ਖਾ ਕੇਅਸਦੁੱਦੀਨ ਓਵੈਸੀ ਨੇ ਸਹੁੰ ਚੁੱਕਣ ਪਿੱਛੋਂ 'ਜੈ ਭੀਮ, ਜੈ ਭੀਮ, ਅੱਲ੍ਹਾ ਹੂ ਅਕਬਰ, ਜੈ ਹਿੰਦ' ਵਾਲਾ ਨਾਅਰਾ ਲਾ ਦਿੱਤਾ। ਬਾਅਦ ਵਿੱਚ ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਮੈਨੂੰ ਦੇਖਣ ਨਾਲ ਉਨ੍ਹਾਂ ਨੂੰ ਕੁਝ ਅਜਿਹੀਆਂ ਚੀਜ਼ਾਂ ਯਾਦ ਆਉਂਦੀਆਂ ਹਨ, ਪਰ ਆਸ ਕਰਦਾ ਹਾਂ ਕਿ ਉਨ੍ਹਾਂ ਨੂੰ ਸੰਵਿਧਾਨ ਤੇ ਮੁਜ਼ੱਫਰਪੁਰ ਸ਼ਹਿਰ ਵਿੱਚਚਮਕੀ ਬੁਖਾਰ ਨਾਲ ਬੱਚਿਆਂ ਦੀ ਮੌਤ ਵੀ ਯਾਦ ਆ ਜਾਵੇਗੀ। ਉੱਤਰ ਪ੍ਰਦੇਸ਼ ਦੇ ਸੰਭਲ ਤੋਂਚੁਣੇ ਸਮਾਜਵਾਦੀ ਪਾਰਟੀ ਦੇ ਆਗੂ ਸ਼ਫੀਕੁਰ ਰਹਿਮਾਨ ਬਰਕ ਨੇ ਸਹੁੰ ਪੜ੍ਹਨ ਤੋਂ ਬਾਅਦ ਵਿਵਾਦਤ ਬਿਆਨ ਦਿੱਤਾ ਕਿ ਉਹ ਵੰਦੇ ਮਾਤਰਮ ਨਹੀਂ ਕਹਿਣਗੇ, ਕਿਉਂਕਿ ਇਹ ਇਸਲਾਮ ਦੇ ਖ਼ਿਲਾਫ਼ ਹੈ। ਭਾਜਪਾਪਾਰਲੀਮੈਂਟ ਮੈਂਬਰਾਂ ਨੇ ਇਸ ਉੱਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਵਰਨਣ ਯੋਗ ਹੈ ਕਿ ਪਾਰਲੀਮੈਂਟ ਸੈਸ਼ਨ ਦੇ ਸਮਾਪਤੀ ਵੇਲੇ ਵੰਦੇ ਮਾਤਰਮ ਗਾਇਆ ਜਾਂਦਾ ਹੈ।


ਚੋਣਾਂ ਦੌਰਾਨ ਸਿੱਧੀ ਲੜਾਈ ਵਾਲੇ ਰਾਜਾਂਤੋਂ ਆਏ ਪਾਰਲੀਮੈਂਟ ਮੈਂਬਰਾਂ ਨੇ ਵੱਧ ਨਾਅਰੇ ਲਾਏ। ਪੱਛਮੀ ਬੰਗਾਲ ਤੋਂਚੁਣੇ ਭਾਜਪਾ ਮੈਂਬਰਾਂ ਵੱਲੋਂ'ਭਾਰਤ ਮਾਤਾ ਦੀ ਜੈ'ਅਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਦੇ ਜਵਾਬ ਵਿੱਚ ਤ੍ਰਿਣਮੂਲ ਕਾਂਗਰਸ ਦੇ ਮੈਂਬਰਾਂ ਨੇ 'ਜੈ ਕਾਲੀ' ਦਾ ਨਾਅਰਾ ਲਾਇਆ। ਭਾਜਪਾ ਦੀ ਸਹਿਯੋਗੀ ਅੰਨਾ ਡੀ ਐੱਮ ਕੇ ਪਾਰਟੀ ਨੂੰ ਸਖ਼ਤ ਮੁਕਾਬਲੇ ਵਿੱਚਬਹੁਤੀਆਂ ਸੀਟਾਂ ਉੱਤੇ ਹਰਾ ਚੁੱਕੀ ਡੀ ਐੱਮ ਕੇ ਪਾਰਟੀ ਦੇ ਮੈਂਬਰ 'ਜੈ ਅੰਬੇਡਕਰ, ਜੈ ਪੇਰੀਆਰ' ਦਾਨਾਅਰੇ ਲਾਉਂਦੇ ਰਹੇ। ਉੱਤਰ ਪ੍ਰਦੇਸ਼ ਦੇ ਉਨਾਵ ਹਲਕੇਤੋਂ ਜਿੱਤੇ ਭਾਜਪਾ ਮੈਂਬਰ ਸਾਕਸ਼ੀ ਮਹਾਰ-ਾਜ ਨੇ ਸਹੁੰ ਚੁੱਕਣ ਪਿੱਛੋਂ'ਜੈ ਸ਼੍ਰੀ ਰਾਮ' ਕਿਹਾ ਅਤੇ ਭਾਜਪਾ ਮੈਂਬਰਾਂ ਨੇ ਬੈਂਚ ਥਾਪੜ ਕੇ 'ਮੰਦਰ ਵਹੀਂ ਬਣਾਏਂਗੇ' ਦਾ ਨਾਅਰਾ ਵੀ ਲਾਉਣਾ ਸ਼ੁਰੂ ਕਰ ਦਿੱਤਾ।

ਰਾਏ ਬਰੇਲੀ ਸੀਟ ਤੋਂ ਫਿਰ ਜਿੱਤਣ ਵਿੱਚ ਕਾਮਯਾਬ ਰਹੀ ਕਾਂਗਰਸ ਨੇਤਾ ਸੋਨੀਆ ਗਾਂਧੀ ਦੇ ਸਹੁੰ ਚੁੱਕਣ ਮਗਰੋਂ ਫ਼ੌਰੀ ਬਾਅਦ ਉਨ੍ਹਾਂ ਦੀ ਦਰਾਣੀ ਤੇ ਭਾਜਪਾ ਪਾਰਲੀਮੈਂਟ ਮੈਂਬਰ ਮੇਨਕਾ ਗਾਂਧੀ ਨੂੰ ਸਹੁੰ ਚੁਕਾਈ ਗਈ। ਦੋਵਾਂ ਨੇ ਹੱਥ ਜੋੜ ਕੇ ਇਕ ਦੂਜੇ ਦਾ ਸਵਾਗਤ ਕੀਤਾ। ਅਜਮੇਰ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਭਾਗੀਰਥ ਚੌਧਰੀ ਨੇ ਪਹਿਲਾਂ ਸੰਸਕ੍ਰਿਤ ਵਿੱਚ ਸਹੁੰ ਚੁੱਕੀ, ਪਰ ਲੋਕ ਸਭਾ ਜਨਰਲ ਸਕੱਤਰ ਨੇ ਕਿਹਾ ਕਿ ਉਨ੍ਹਾਂ ਨੇ ਹਿੰਦੀ ਵਿੱਚ ਸਹੁੰ ਚੁੱਕਣਾ ਲਿਖਿਆ ਸੀ, ਇਸ ਕਰ ਕੇ ਉਹ ਦੋਬਾਰਾ ਸਹੁੰ ਚੁੱਕਣ। ਭਾਜਪਾ ਮੈਂਬਰ ਜਗਦੰਬਿਕਾ ਪਾਲ ਸ਼ੁਰੂ ਵਿੱਚ ਕੁਝ ਸ਼ਬਦ ਬੋਲਣ ਤੋਂ ਖੁੰਝ ਗਏ।ਗੁਰਦਾਸਪੁਰ ਤੋਂ ਭਾਜਪਾ ਮੈਂਬਰ ਸੰਨੀ ਦਿਓਲ ਨੇ ਕਹਿ ਦਿੱਤਾ, 'ਦੇਸ਼ ਦੀ ਏਕਤਾ ਤੇ ਖ਼ੁਦਮੁਖ਼ਤਿਆਰੀ ਦਬਾਈ ਰੱਖਾਂਗੇ', ਬਾਅਦ ਵਿੱਚ ਮੁਸਕੁਰਾ ਕੇ ਗ਼ਲਤੀ ਸੁਧਾਰੀ ਤੇ ਕਿਹਾ, 'ਦੇਸ਼ ਦੀ ਏਕਤਾ ਤੇ ਖ਼ੁਦਮੁਖ਼ਤਿਆਰੀ ਬਣਾਈ ਰੱਖਾਂਗੇ।'

# ਭ੍ਰਿਸ਼ਟਾਚਾਰ ਵਿਰੁੱਧ ਸਖ਼ਤੀ: ਨਰਿੰਦਰ ਮੋਦੀ ਸਰਕਾਰ ਨੇ 15 ਭ੍ਰਿਸ਼ਟ ਟੈਕਸ ਅਫਸਰਾਂ ਨੂੰ ਨੌਕਰੀ ਤੋਂ ਕੱਢਿਆ

ਨਵੀਂ ਦਿੱਲੀ, 18 ਜੂਨ, (ਪੋਸਟ ਬਿਊਰੋ)-ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਭ੍ਰਿਸ਼ਟ ਅਫਸਰਾਂ ਉੱਤੇਲਗਾਮ ਕੱਸਣ ਦਾ ਕੰਮ ਛੋਹ ਦਿੱਤਾ ਅਤੇ ਅਜਿਹੇ 15 ਅਫਸਰਾਂ ਨੂੰ ਨੌਕਰੀ ਤੋਂਕੱਢ ਦਿੱਤਾ ਗਿਆ ਹੈ।

ਸਰਕਾਰੀ ਤੌਰ ਉੱਤੇ ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਆਏ ਹੋਏ ਕਸਟਮ ਡਿਊਟੀ ਤੇ ਕੇਂਦਰੀ ਉਤਪਾਦ ਟੈਕਸ ਦੇ 15 ਸੀਨੀਅਰ ਅਫਸਰਾਂ ਨੂੰ ਜਬਰੀ ਸੇਵਾ ਮੁਕਤ ਕਰ ਦਿੱਤਾ ਹੈ ਤੇ ਇਕ ਹਫ਼ਤਾ ਪਹਿਲਾਂ ਇੱਕ ਦਰਜਨ ਦੇ ਕਰੀਬ ਆਮਦਨ ਟੈਕਸਾਂ ਵਾਲੇ ਅਫਸਰਾਂ ਉੱਤੇ ਵੀ ਕਾਰਵਾਈ ਕੀਤੀ ਜਾ ਚੁੱਕੀ ਹੈ।ਇਨ੍ਹਾਂ ਵਿੱਚ ਅਸਿਸਟੈਂਟ ਕਮਿਸ਼ਨਰ ਤੋਂ ਪ੍ਰਿੰਸੀਪਲ ਕਮਿਸ਼ਨਰ ਤੱਕ ਦੇ ਅਫਸਰ ਸ਼ਾਮਲ ਹਨ। ਕੇਂਦਰ ਦੇਅਸਿੱਧੇ ਟੈਕਸ ਅਤੇ ਕਸਟਮ ਡਿਊਟੀ ਬੋਰਡ (ਸੀਬੀਆਈਸੀ) ਦੇ ਅਫਸਰਾਂ ਨੂੰ ਕੇਂਦਰ ਸਰਕਾਰ ਨੇ ਫੰਡਾਮੈਂਟਲ ਰੂਲਜ਼ ਦੇ ਨਿਯਮ 56 (ਜੇ) ਅਧੀਨ ਨੌਕਰੀ ਤੋਂ ਕੱਢਿਆ ਹੈ।ਇਨ੍ਹਾਂ ਵਿੱਚੋਂ ਕੁਝ ਅਧਿਕਾਰੀ ਪਹਿਲਾਂ ਸਸਪੈਂਡ ਸਨ ਅਤੇ ਕੁਝ ਹੋਰਨਾਂ ਖ਼ਿਲਾਫ਼ ਸੀਬੀਆਈ ਨੇ ਭ੍ਰਿਸ਼ਟਾਚਾਰ ਦੇ ਕੇਸ ਦਰਜ ਕਰ ਰੱਖੇ ਹਨ, ਕਈਅਫਸਰਾਂ ਉੱਤੇ ਰਿਸ਼ਵਤ, ਵਸੂਲੀ ਅਤੇ ਆਮਦਨ ਤੋਂ ਵੱਧ ਜਾਇਦਾਦਾਂ ਬਣਾਉਣ ਦੇ ਦੋਸ਼ ਲੱਗੇ ਹਨ।ਜਿਨ੍ਹਾਂ ਅਫਸਰਾਂ ਨੂੰ ਜਬਰੀ ਸੇਵਾ-ਮੁਕਤ ਕੀਤਾ ਹੈ, ਉਨ੍ਹਾਂ ਵਿੱਚ ਦਿੱਲੀ ਤੋਂ ਸੀਬੀਆਈਸੀ ਦੇ ਪ੍ਰਿੰਸੀਪਲ ਐਡੀਸ਼ਨਲ ਡਾਇਰੈਕਟਰ ਜਨਰਲ ਅਨੂਪ ਸ੍ਰੀਵਾਸਤਵ, ਜਾਇੰਟ ਕਮਿਸ਼ਨਰ ਨਲਿਨ ਕੁਮਾਰ ਤੇ ਕੋਲਕ-ਾਤਾ ਦੇ ਕਮਿਸ਼ਨਰ ਸੰਸਾਰ ਚੰਦ ਸ਼ਾਮਲ ਹਨ।ਉਨ੍ਹਾਂ ਉੱਤੇ ਅਜਿਹੀ ਰਿਹਾਇਸ਼ੀ ਸੁਸਾਇਟੀ ਦਾ ਪੱਖ ਲੈਣ ਦਾ ਦੋਸ਼ ਹੈ, ਜਿਹੜੀ ਨਿਯਮਾਂ ਦੀ ਉਲੰਘਣਾ ਕਰ ਕੇ ਜ਼ਮੀਨ ਖਰੀਦਣ ਲਈ ਐੱਨ ਓਸੀ ਲੈਣਾ ਚਾਹੁੰਦੀ ਸੀ।ਇਨ੍ਹਾਂ ਵਿੱਚ ਉਸ ਕੰਪਨੀ ਤੇ ਇਕ ਖਰੀਦਦਾਰ ਤੋਂ ਡਿਊਟੀ ਚੋਰੀ ਦੇ ਕੇਸ ਵਿੱਚ ਰਿਸ਼ਵਤ ਲੈਣ ਦਾ ਵੀ ਦੋਸ਼ ਹੈ ਤੇ ਮਨ ਮਰਜੀ ਨਾਲ ਗ੍ਰਿਫਤਾਰੀ, ਪਰੇਸ਼ਾਨ ਤੇ ਵਸੂਲੀ ਕਰਨ ਦਾ ਦੋਸ਼ ਹੈ।ਜਾਇੰਟ ਕਮਿਸ਼ਨਰ ਨਲਿਨ ਕੁਮਾਰ ਖ਼ਿਲਾਫ਼ ਉੱਤੇ ਭ੍ਰਿਸ਼ਟਾਚਾਰ ਬਾਰੇ ਸੀਬੀ ਆਈ ਨੇ ਕੇਸ ਦਰਜ ਕੀਤਾ ਹੋਇਆ ਹੈ।ਮੰਤਰਾਲੇ ਦਾ ਕਹਿਣਾ ਹੈ ਕਿ ਇਨ੍ਹਾਂ ਅਫਸਰਾਂ ਦੀ



ਉਮਰ 50 ਸਾਲ ਹੋ ਜਾਣ ਪਿੱਛੋਂ ਜਨਹਿ-ੱਤ ਵਿੱਚ ਉਨ੍ਹਾਂ ਨੂੰ ਜਬਰੀ ਸੇਵਾਮੁਕਤ ਕੀਤਾ ਗਿਆ ਹੈ।ਕੋਲਕਾਤਾਦੇ ਕਮਿਸ਼ਨਰ ਸੰਸਾਰ ਚੰਦ ਵੀ ਰਿਸ਼ਵਤਖੋਰੀ ਦੇ ਧੰਦੇਵਿੱਚ ਸ਼ਾਮਲ ਸੀ। ਚੇਨਈ ਦੇ ਕਮਿਸ਼ਨਰ ਜੀ. ਸ੍ਰੀਹਰਸ਼ਾ ਨੇ ਆਮਦਨ ਦੇ ਸਰੋਤਾਂ ਤੋਂ ਵੱਧ 2.24 ਕਰੋੜ ਰੁਪਏ ਤੋਂ ਵੱਧ ਜਾਇਦਾਦ ਇਕੱਠੀ ਕਰ ਰੱਖੀ ਸੀ।ਸੀਬੀਆਈ ਨੇ ਜਾਲ ਵਿਛਾ ਕੇ ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਸੀ। ਕਮਿਸ਼ਨਰ ਰੈਂਕ ਦੇ ਦੋ ਹੋਰ ਅਧਿਕਾਰੀ ਅਤੁਲ ਦੀਕਸ਼ਤ ਅਤੇ ਵਿਨੈ ਬ੍ਰਿਜ ਸਿੰਘ, ਜੋ ਸਸਪੈਂਡ ਕੀਤੇ ਹੋਏ ਸਨ, ਨੂੰ ਵੀ ਸਰਕਾਰ ਨੇ ਨੌਕਰੀ ਤੋਂ ਕੱਢ ਦਿੱਤਾ ਹੈ। ਦੀਕਸ਼ਤ ਦੇ ਖ਼ਿਲਾਫ਼ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਹੈ ਤੇ ਵਿਨੈ ਬ੍ਰਿਜ ਸਿੰਘ ਦੇ ਖ਼ਿਲਾਫ਼ ਓਵਰ ਇਨਵਾਇਸਿੰਗ ਦਾ ਭ੍ਰਿਸ਼ਟਾਚਾਰ ਦਾ ਕੇਸ ਚੱਲਦਾ ਹੈ।ਦਿੱਲੀ ਵਿਚਲੇ ਜੀ ਐੱਸਟੀ ਦੇ ਡਿਪਟੀ ਕਮਿਸ਼ਨਰ ਅਮਰੇਸ਼ ਜੈਨ ਕੋਲ ਆਮਦਨ ਦੇ ਸਰੋਤਾਂ ਤੋਂ ਵੱਧ 1.55 ਕਰੋੜ ਰੁਪਏ ਜਾਇਦਾਦ ਪਤਾ ਲੱਗੀ ਹੈ। ਉਸ ਦੇ ਵਿਰੁੱਧ 95.24 ਲੱਖ ਰੁਪਏ ਦੀ ਨਕਦੀ ਬਰਾਮਦ ਹੋਣ ਦਾ ਕੇਸ ਵੀ ਹੈ।ਇਸ ਤੋਂ ਇਲਾਵਾ ਕੋਲਕ-ਾਤਾ ਵਿੱਚ ਡੀਜੀ ਸਿਸਟਮਜ਼ ਲਈ ਐਡੀਸ਼ਨਲ ਕਮਿਸ਼ਨਰ ਅਸ਼ੋਕ ਮਹੀਦਾ ਤੇ ਐਡੀਸ਼ਨਲ ਕਮਿਸ਼ਨਰ ਵਰਿੰਦਰ ਅਗਰਵਾਲ ਨੂੰ ਵੀ ਜਬਰੀ ਸੇਵਾਮੁਕਤ ਕੀਤਾ ਗਿਆ ਹੈ। ਅਸਿਸਟੈਂਟ ਕਮਿਸ਼ਨਰ ਐੱਸ ਐੱਸ ਪਬਾਨਾ, ਐੱਸ ਐੱਸ ਬਿਸ਼ਟ, ਵਿਨੋਦ ਸਾਂਗਾ, ਰਾਜੂ ਸ਼ੇਖਰ, ਮੁਹੰਮਦ ਅਲਤਾਫ ਅਤੇ ਡਿਪਟੀ ਕਮਿਸ਼ਨਰ ਅਸ਼ੋਕ ਅਸਵਾਲ ਨੂੰ ਵੀ ਜਬਰੀ ਸੇਵਾਮੁਕਤ ਕੀਤਾ ਗਿਆ ਹੈ ਅਤੇ ਕਈ ਹੋਰਨਾਂ ਦੀ ਵਾਰੀ ਲੱਗਣ ਵਾਲੀ ਦੱਸੀ ਜਾਂਦੀ ਹੈ।

# ਲੋਕ ਸਭਾ ਸਪੀਕਰ ਵਜੋਂ ਓਮ ਬਿਰਲਾ ਉੱਤੇ ਗੁਣਾ ਪਿਆ



ਨਵੀਂ ਦਿੱਲੀ, 18 ਜੂਨ, (ਪੋਸਟ ਬਿਊਰੋ)-ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਦੇ ਮੈਂਬਰਾਂ ਦਾ ਸਹੁੰ ਚੁੱਕ ਪ੍ਰੋਗਰਾਮ ਮੁਕੰਮਲ ਹੋਣ ਤੋਂ ਬਾਅਦ ਸਦਨ ਲਈ ਸਪੀਕਰ ਦੀ ਚੋਣ ਕੀਤੀ ਜਾਣੀ ਹੈ ਤੇ ਇਸ ਦੇ ਲਈ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਗੱਠਜੋੜ ਨੇ ਰਾਜਸਥਾਨ ਤੋਂ ਚੁਣ ਕੇ ਆਏ ਓਮ ਬਿਰਲਾ ਦਾ ਨਾਂ ਤੈਅ ਕੀਤਾ ਹੈ।

ਅੱਜ ਜਦੋਂ ਸਦਨ ਵਿੱਚਪਾਰਲੀਮੈਂਟ ਮੈਂਬਰ ਸਹੁੰ ਚੁੱਕ ਰਹੇ ਸਨ, ਓਦੋਂ ਦੂਸਰੇ ਪਾਸੇ ਲੋਕ ਸਭਾ ਦੇ ਸਪੀਕਰ ਲਈ ਸਰਗਰਮੀ ਪੂਰੇ ਜ਼ੋਰਾਂ ਉੱਤੇ ਸੀ। ਰਾਜਸਥਾਨ ਤੋਂ ਚੁਣੇ ਹੋਏ ਭਾਜਪਾ ਪਾਰਲੀਮੈਂਟ ਮੈਂਬਰ ਓਮ ਬਿਰਲਾ ਦਾ ਨਾਂ ਸਾਹਮਣੇ ਆਉਣ ਤੋਂ ਬਾਅਦ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਓਮ ਬਿਰਲਾ ਦੇ ਨਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪੇਸ਼ ਕੀਤਾ ਅਤੇ ਇਸ ਦੇ ਲਈ ਬੀਜੂ ਜਨਤਾ ਦਲ, ਸ਼ਿਵ ਸੈਨਾ, ਨੈਸ਼ਨਲ ਪੀਪਲਜ਼ ਪਾਰਟੀ, ਮਿਜ਼ੋ ਨੈਸ਼ਨਲ ਪਾਰਟੀ, ਅਕਾਲੀ ਦਲ, ਲੋਕ ਜਨਸ਼ਕਤੀ ਪਾਰਟੀ, ਵਾਈ ਐੱਸ ਆਰ ਕਾਂਗਰਸ ਪਾਰਟੀ, ਜਨਤਾ ਦਲ ਯੂ, ਅੰਨਾ ਡੀ ਐੱਮ ਕੇ ਅਤੇ ਅਪਨਾ ਦਲ ਦੇ ਆਗੂਆਂ ਨੇ ਸਮਰਥਨ ਕਰ ਦਿੱਤਾ ਹੈ। ਕਾਂਗਰਸ ਪਾਰਟੀ ਨੇ ਅਜੇ ਤੱਕ ਇਸ ਬਾਰੇ ਆਪਣੇ ਵੱਲੋਂ ਕਿਸੇ ਵੀ ਤਰ੍ਹਾਂ ਦੀ ਪ੍ਰਤੀਕਿਰਿਆ ਨਹੀਂ ਦਿੱਤੀ, ਪਰ ਲੱਗਦਾ ਹੈ ਕਿ ਉਹ ਵੀ ਵਿਰੋਧ ਨਹੀਂ ਕਰਨਗੇ।

ਇਸ ਦੌਰਾਨ ਕਾਂਗਰਸ ਪਾਰਟੀ ਵੱਲੋਂਪੱਛਮੀ ਬੰਗਾਲ ਦੇ ਬਹਿਰਾਮਪੁਰ ਹਲਕੇ ਤੋਂਲਗਾਤਾਰ 5ਵੀਂ ਵਾਰ ਚੁਣੇ ਗਏ ਲੋਕ ਸਭਾ ਮੈਂਬਰ ਅਧੀਰ ਰੰਜਨ ਚੌਧਰੀ ਨੂੰ ਲੋਕ ਸਭਾ ਵਿਚ ਆਪਣਾ ਦਾ ਅਗਲਾ ਆਗੂ ਚੁਣਿਆ ਗਿਆ ਹੈ। ਕਾਂਗਰਸ ਦੇ ਉੱਚ ਪੱਧਰੀ ਸੂਤਰਾਂ ਨੇ ਦੱਸਿਆ ਕਿ ਕਾਂਗਰਸ ਹਾਈ ਕਮਾਨ ਨੇ ਅਧੀਰ ਰੰਜਨ ਚੌਧਰੀ ਦੇ ਨਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਪਰ ਅਜੇ ਇਸ ਦਾ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ। ਚੌਧਰੀ ਹਾਊਸ ਵਿਚ ਵਿਰੋਧੀ ਧਿਰ ਵੱਲ ਉਸੇ ਸੀਟ ਉੱਤੇ ਬੈਠੇ ਸਨ, ਜਿਥੇ ਵਿਰੋਧੀ ਧਿਰ ਦਾ ਨੇਤਾ ਜਾਂ ਸਭ ਤੋਂ ਵੱਡੀ ਪਾਰਟੀ ਦਾ ਆਗੂ ਬੈਠਦਾ ਹੁੰਦਾ ਹੈ। ਨਵੀਂ ਚੋਣ ਦੇ ਸਵਾਲ ਦੇ ਜਵਾਬ ਵਿੱਚ ਚੌਧਰੀ ਨੇ ਕਿਹਾ ਕਿ ਮੈਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ, ਮੈਨੂੰ ਅਗਲੀ ਕਤਾਰ ਵਿਚ ਬੈਠਣਲਈ ਕਿਹਾ ਗਿਆ ਹੈ। ਮੈਂ ਪਾਰਟੀ ਦਾ ਸਿਪਾਹੀ ਹਾਂ ਅਤੇ ਹਰ ਹੁਕਮ ਦੀ ਪਾਲਣਾ ਕਰਾਂਗਾ।


# ਮਮਤਾ ਬੈਨਰਜੀ ਨੇ ਕਿਹਾ: ਤ੍ਰਿਣਮੂਲ ਕਾਂਗਰਸ ਦਾ ਕੂੜਾ ਚੁਣ ਰਹੀ ਹੈ ਭਾਜਪਾ

ਕੋਲਕਾਤਾ, 18 ਜੂਨ, (ਪੋਸਟ ਬਿਊਰੋ)-ਲੋਕ ਸਭਾ ਦੀਆਂ ਚੋਣਾਂ ਪਿੱਛੋਂ ਭਾਜਪਾ ਦਾ ਪੱਲਾ ਫੜਨ ਵਾਲੇ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਉੱਤੇ ਵਰ੍ਹਦੇ ਹੋਏ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉਨ੍ਹਾਂ ਆਗੂਆਂ ਨੂੰ ਲਾਲਚੀ ਤੇ ਭ੍ਰਿਸ਼ਟ ਆਖ ਕੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਤ੍ਰਿਣਮੂਲ ਕਾਂਗਰਸ ਦੇ 'ਕੂੜੇ' ਨੂੰ ਇਕੱਠਾ ਕਰ ਰਹੀ ਹੈ। ਪੂਰੇ ਪੱਛਮੀ ਬੰਗਾਲ ਦੇ ਕੌਂਸਲਰਾਂ ਦੀ ਅੱਜ ਕੀਤੀ ਬੈਠਕ ਵਿੱਚਮਮਤਾ ਬੈਨਰਜੀ ਨੇ ਕਿਹਾ ਕਿ ਧੋਖੇਬਾਜ਼ ਆਗੂਆਂ ਦੀ ਬਜਾਏਮੈਂ ਸਮਰਪਿਤ ਮੈਂਬਰਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਾਂਗੀ, ਸਾਨੂੰ ਚੋਰ ਨਹੀਂ ਚਾਹੀਦੇ।

ਇਸ ਮੌਕੇ ਮਮਤਾ ਬੈਨਰਜੀ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਜਿਹੜੇ ਆਗੂ ਭਾਜਪਾ ਵਿੱਚਜਾਣਾ ਚਾਹੁੰਦੇ ਹਨ, ਉਹ ਤੁਰੰਤ ਪਾਰਟੀ ਛੱਡ ਦੇਣ। ਉਨ੍ਹਾਂ ਕਿਹਾ ਕਿ ਸਾਨੂੰ ਭ੍ਰਿਸ਼ਟ ਅਤੇ ਲਾਲਚੀ ਆਗੂਆਂ ਦੀ ਲੋੜ ਨਹੀਂ, ਸਾਡੀ ਪਾਰਟੀ ਦੇ ਤਿੰਨ ਵਿਧਾਇਕ ਤੇ ਕੁਝ ਕੌਂਸਲਰ ਇਸ ਲਈ ਭਾਜਪਾ ਵਿੱਚ ਸ਼ਾਮਲ ਹੋਏ ਹਨ ਕਿ ਉਨ੍ਹਾਂ ਨੂੰ ਆਪਣੀ ਕਰਨੀ ਦਾ ਡਰ ਸਤਾ ਰਿਹਾ ਸੀ, ਪਰ ਭਾਜਪਾ ਵਿੱਚ ਜਾ ਕੇਉਹ ਭ੍ਰਿਸ਼ਟਾਚਾਰ ਦੀ ਜਾਂਚ ਤੋਂ ਬਚ ਨਹੀਂ ਸਕਣਗੇ। ਮਮਤਾ ਬੈਨਰਜੀ ਨੇ ਕਿਹਾ ਕਿ 2021 ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਉਹ ਪਾਰਟੀ ਦਾ ਪੁਨਰ ਗਠਨ ਕਰੇਗੀ। ਤ੍ਰਿਣਮੂਲ ਕੋਈ ਕਮਜ਼ੋਰ ਪਾਰਟੀ ਨਹੀਂ ਹੈ, ਜੇ 15-20 ਕੌਂਸਲਰ ਜਾਂ ਵਿਧਾਇਕ ਪੈਸੇ ਲੈ ਕੇ ਪਾਰਟੀ ਛੱਡ ਗਏ ਤਾਂ ਪ੍ਰਵਾਹ ਨਹੀਂ। ਇਕ ਵਿਅਕਤੀ ਜਾਏਗਾ ਤਾਂ 500 ਹੋਰ ਤਿਆਰ ਕਰ ਲਵਾਂਗੇ।

# ਕੁਮਾਰਸਵਾਮੀ ਵੱਲੋਂ ਦੋਸ਼: ਭਾਜਪਾ ਕਰਨਾਟਕ ਦੀ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰ ਰਹੀ ਹੈ

ਨਵੀਂ ਦਿੱਲੀ, 18 ਜੂਨ, (ਪੋਸਟ ਬਿਊਰੋ)-ਕਰਨ-ਾਟਕ ਵਿੱਚਕਾਂਗਰਸ ਅਤੇ ਜਨਤਾ ਦਲ ਐੱਸ ਦੇ ਗਠਜੋੜ ਦੀ ਸਰਕਾਰ ਨੂੰ 'ਆਪਰੇਸ਼ਨ ਲੋਟਸ' ਅਧੀਨ ਡੇਗੇ ਜਾਣ ਦਾ ਡਰ ਫਿਰ ਪੈਣ ਲੱਗਾ ਹੈ। ਮੁੱਖ ਮੰਤਰੀ ਐੱਚ ਡੀ ਕੁਮਾਰਸਵਾਮੀ ਨੇ ਅੱਜ ਭਾਜਪਾ ਉੱਤੇ ਉਨ੍ਹਾਂ ਦੀ ਪਾਰਟੀ ਦੇ ਇਕ ਵਿਧਾਇਕ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਹੈ।



ਰਾਮਨਗਰ ਵਿੱਚ ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਕੁਮਾਰਸਵਾਮੀ ਨੇ ਕਿਹਾ ਕਿ ਮੇਰੀ ਸਰਕਾਰ ਨੂੰ ਡੇਗਣ ਦੇ ਲਈ ਲਗਾਤਾਰ ਕੋਸ਼ਿਸ਼ ਹੋ ਰਹੀ ਹੈ ਤੇ ਇਸ ਦੇ ਪਿੱਛੇ ਕੌਣ ਹੈ, ਉਹ ਉਸ ਨੂੰ ਜਾਣਦੇ ਹਨ। ਆਪਣੇ ਦਾਅਵੇ ਦੇ ਸਮਰਥਨ ਵਿੱਚ ਮੁੱਖ ਮੰਤਰੀ ਕੁਮਾਰਸਵਾਮੀ ਨੇ ਕਿਹਾ ਕਿ ਜਦੋਂ ਉਹ ਰਾਮਨਗਰ ਤੋਂ ਬਿਦਾਦੀ ਜਾ ਰਹੇ ਸਨ ਤਾਂ ਸੋਮਵਾਰ ਰਾਤ 11 ਵਜੇ ਦੇ ਕਰੀਬ ਉਨ੍ਹਾਂ ਦੇ ਇਕ ਵਿਧਾਇਕ ਨੇ ਉਨ੍ਹਾਂ ਨਾਲ ਗੱਲ ਕੀਤੀ।ਮੁੱਖ ਮੰਤਰੀ ਨੇ ਦੱਸਿਆ ਕਿ 'ਵਿਧਾਇਕ ਨੇ ਕਿਹਾ ਕਿ ਅੱਧਾ ਘੰਟਾ ਪਹਿਲਾਂ ਭਾਜਪਾ ਦੇ ਇਕ ਨੇਤਾ ਨੇ ਉਨ੍ਹਾਂ ਨੂੰ ਫੋਨ ਕੀਤਾ ਅਤੇ ਕਿਹਾ ਕਿ ਕੱਲ ਸ਼ਾਮ ਤਕ ਸਰਕਾਰ ਡਿੱਗਣ ਵਾਲੀ ਹੈ।' ਉਨ੍ਹਾਂ ਦੋਸ਼ ਲਾਇਆ, 'ਉਸ ਨੇਤਾ ਨੇ ਕਿਹਾ ਕਿ ਕਾਂਗਰਸ ਤੇ ਜਨਤਾ ਦਲ ਐੱਸ ਦੇ ਨੌ ਵਿਧਾਇਕ ਦਸਖਤ ਕਰ ਚੁੱਕੇ ਹਨ ਅਤੇ ਜੇ ਉਹ ਸਹਿਮਤ ਹੋਣ ਤਾਂ ਉਨ੍ਹਾਂ ਦੇ ਟਿਕਾਣੇ ਉੱਤੇ 10 ਕਰੋੜ ਰੁਪਏ ਪਹੁੰਚ ਜਾਣਗੇ।'

ਇਸ ਤੋਂ ਅੱਗੇ ਮੁੱਖ ਮੰਤਰੀ ਕੁਮਾਰਸਵਾਮੀ ਨੇ ਕਿਹਾ ਕਿ ਇਹ ਲਗਾਤਾਰ ਜਾਰੀ ਹੈ ਕਿ ਉਨ੍ਹਾਂ ਦੀ ਸਰਕਾਰ ਡੇਗਣ ਲਈ ਉਨ੍ਹਾਂ ਨੇ ਪੈਸਾ ਇਕੱਠਾ ਕਰ ਰੱਖਿਆ ਹੈ। ਕੁਮਾਰਸਵਾਮੀ ਨੇ ਉਸ ਵਿਧਾਇਕ ਦਾ ਨਾਂ ਅਤੇ ਭਾਜਪਾ ਦੇ ਉਸ ਨੇਤਾ ਦਾ ਨਾਂ ਨਹੀਂ ਦੱਸਿਆ, ਜਿਸ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਭਾਜਪਾ ਦੇ ਬੁਲ-ਾਰਾ ਜੀ ਮਧੂਸੂਦਨ ਨੇ ਕਿਹਾ ਕਿ ਮੁੱਖ ਮੰਤਰੀ ਕੁਮਾਰਸਵਾਮੀ ਬੇਬੁਨਿਆਦ ਦੋਸ਼ ਲਾ ਰਹੇ ਹਨ।








**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**TORONTO $2,150** — **50 Bruyeres Mews 901:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

**MISSISSAUGA $99,900** — **1224 Dundas St W :** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

**St. Catharine $199,999** — **73 St Paul :** Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

**BRAMPTON $229,000** — Photo Not Available — **10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

**BRAMPTON $75,000** — Photo Not Available — **135 Inspire Blvd:** Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

**MISSISSAUGA $169,900** — Photo Not Available — **7215 Goreway dr :** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

**TORONTO $289,000** — **Kipling/Dixon/401:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

**BURLINGTON $299,000** — **701 GUELPH LINE :** Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

**BRAMPTON $789,800** — **Queen St/ Chinguacousy:** Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

**BRAMPTON $330,000** — SUBWAY eat fresh. — **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**CALEDON $399,000** — Photo Not Available — **12612 HIGHWAY 50:** Sale Of Business Without Property Bakery. Please call 905-405-8484

**BRANTFORD $499,000** — Photo Not Available — **639 Collarbone St W:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**New Tecumseth $899,800** — **73 Morrison Ave:** One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

**MISSISSAUGA $629,000** — Photo Not Available — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**WOODSTOCK $1,125,000** — **257 Dundas St:** Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਤਰਕਸ਼ੀਲ ਸੁਸਾਇਟੀ ਦੀ ਪਿਕਨਿਕ ਰਹੀ ਸਫ਼ਲ





(ਹਰਜੀਤ ਬੇਦੀ): ਪਿਛਲੇ ਹਫਤੇ ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵੱਲੋਂ ਪਰਿਵਾਰਕ ਪਿਕਨਿਕ ਦਾ ਆਯੋਜਨ ਕੌਫੀ ਪਾਰਕ ਮਾਲਟਨ ਵਿੱਚ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਪਿਕਨਿਕ ਦਾ ਛੋਟੇ ਛੋਟੇ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਆਨੰਦ ਮਾਣਿਆ। ਠੀਕ 11 ਵਜੇ ਲੋਕ ਪਹੁੰਚਣੇ ਸ਼ੁਰੂ ਹੋ ਗਏ ਤੇ ਥੋੜੇ ਸਮੇਂ ਵਿੱਚ ਪੂਰੀ ਰੌਣਕ ਲੱਗ ਗਈ। ਪਹੁੰਚਣ ਵਾਲੇ ਮਹਿਮਾਨਾਂ ਦਾ ਜਾਣ ਸਾਰ ਚਾਹ ਪਾਣੀ ਅਤੇ ਸਨੇਕਸ ਨਾਲ ਸੁਆਗਤ ਕੀਤਾ ਜਾਂਦਾ ਰਿਹਾ। ਪਰਬੰਧਕਾਂ ਦੀ ਟੀਮ ਹਰ ਮਹਿਮਾਨ ਵੱਲ ਪੂਰੀ ਤਵੱਜੋ ਦੇ ਰਹੀ ਸੀ। ਕੁਝ ਦੇਰ ਬਾਦ ਬਾਰ ਬੀ ਕਿਊ ਤੇ ਖਾਣ ਪੀਣ ਦੀਆਂ ਹੋਰ ਵਸਤੂਆਂ ਦਾ ਦੌਰ ਸ਼ੁਰੂ ਹੋ ਗਿਆ। ਤਰਕਸ਼ੀਲ ਸੁਸਾਇਟੀ ਦੇ ਵਾਲੰਟੀਅਰਾਂ ਨੇ ਬਹੁਤ ਹੀ ਸ਼ੌਕ ਅਤੇ ਉਤਸ਼ਾਹ ਨਾਲ ਬਾਰ-ਬੀ -ਕਿਊ ਕਰਨ ਦੀ ਡਿਊਟੀ ਨਿਭਾਈ।

ਇਸ ਪ੍ਰੋਗਰਾਮ ਵਿੱਚ ਤਰਕਸ਼ੀਲ ਪਰਿਵਾਰਕ ਮੈਂਬਰਾਂ ਤੋਂ ਬਿਨਾਂ ਹੋਰ ਸਮਾਜ ਸੇਵੀ ਜਥੇਬੰਦੀਆਂ , ਲੇਖਕ ਸਭਾਵਾਂ ਅਤੇ ਸੀਨੀਅਰਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਪਰਮਜੀਤ ਬੜਿੰਗ ਦੀ ਅਗਵਾਈ ਵਿੱਚ ਸੀਨੀਅਰਜ਼ ਐਸੋਸੀਏਸ਼ਨ ਅਤੇ ਰੈਂਡ ਵਿੱਲੋ ਕਲੱਬ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਿਟੀ ਕੌਂਸਲਰ ਹਰਕੀਰਤ ਸਿੰਘ ਨੇ ਉਚੇਚੇ ਤੌਰ ਤੇ ਪਿਕਨਿਕ ਵਿੱਚ ਹਾਜ਼ਰੀ ਲੁਆਈ।

ਖਾਣ ਪੀਣ ਦੇ ਨਾਲ ਗੱਲਾਂ ਬਾਤਾਂ ਦਾ ਦੌਰ ਅਤੇ ਆਪਸੀ ਵਿਚਾਰ ਵਟਾਂਦਰਾ ਚਲਦਾ ਰਿਹਾ ਜੋ ਪਰਿਵਾਰਾਂ ਦੀ ਜਾਣ-ਪਹਿਚਾਣ ਅਤੇ ਮੇਲ ਜੋਲ ਦਾ ਵਧੀਆ ਸਬੱਬ ਬਣਿਆ। ਕਾਫੀ ਗਿਣਤੀ ਵਿੱਚ ਬੱਚਿਆਂ ਨੇ ਪਿਕਨਿਕ ਵਿੱਚ ਭਾਗ ਲਿਆ ਤੇ ਉਹਨਾਂ ਦੇ ਮਨੋਰੰਜਨ ਲਈ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ ਜਿਸਦੀ ਜ਼ਿੰਮੇਵਾਰੀ ਸਕਾਰਬਰੋਅ ਦੀ ਤਰਕਸੀਲ ਵਾਲੰਟੀਅਰ ਟੀਮ ਭਰਪੂਰ ਸਿੰਘ ਅਤੇ ਸਾਥੀਆਂ ਨੇ ਨਿਭਾਈ। ਗੇਮਾਂ ਬਾਦ ਬੱਚਿਆਂ ਨੂੰ ਇਨਾਮ ਵੰਡੇ ਗਏ। ਬਚਿਆਂ ਨੂੰ ਇਨਾਮ ਦੇਣ ਦੀ ਕਾਰਵਾਈ ਸਪਾਂਸਰਜ਼ ਸੁਰਿੰਦਰ ਘੁੰਮਣ, ਜਗਦੀਸ਼ ਜਾਂਗੜਾ ਅਤੇ ਕੁਲਦੀਪ ਚਾਹਲ ਆਦਿ ਨੇ ਕੀਤੀ। ਸ਼ਾਮ ਦੇਰ ਤੱਕ ਇਸ ਪਰਿਵਾਰਕ ਪਿਕਨਿਕ ਦਾ ਪਰੋਗਰਾਮ ਚਲਦਾ ਰਿਹਾ ਅਤੇ ਖਾਣ-ਪਣਿ ਦੀਆਂ ਅਨੇਕ ਵੰਨਗੀਆਂ ਦੇ ਨਾਲ ਹੀ ਹਾਜਰੀਨ ਨੂੰ ਤਰਕਸ਼ੀਲ ਸੁਸਾਇਟੀ ਦੇ ਬਲਦੇਵ ਰਹਿਪਾ, ਨਿਰਮਲ ਸੰਧੂ, ਹਰਬੰਸ ਮੱਲ੍ਹੀ, ਬਲਰਾਜ ਛੋਕਰ, ਸੁਰਜੀਤ ਸਹੋਤਾ ਤੇ ਹੋਰ ਵਾਲੰਟੀਅਰਾਂ ਦਾ ਪਿਆਰ ਸਤਿਕਾਰ ਮਿਲਦਾ ਰਿਹਾ।

ਪਿਕਨਿਕ ਦੀ ਸਮਾਪਤੀ ਤੋਂ ਬਾਦ ਪਰਿਵਾਰ ਮਿੱਤਰਾਂ ਦੋਸਤਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਮਨਾਂ ਵਿੱਚ ਸਮੇਟਦੇ ਹੋਏ ਖੁਸ਼ੀ ਖੁਸ਼ੀ ਘਰਾਂ ਨੂੰ ਪਰਤ ਗਏ। ਤਰਕਸ਼ੀਲ ਸੁਸਾਇਟੀ ਦੇ ਪਰੋਗਰਾਮਾਂ ਸਬੰਧੀ ਜਾਂ ਸੁਸਾਇਟੀ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202 ਜਾਂ ਨਿਰਮਲ ਸੰਧੂ 416-835-3450 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਨੇ 'ਮਦਰਜ਼ ਡੇਅ ਅਤੇ 'ਫ਼ਾਦਰਜ਼ ਡੇਅ' ਮਨਾਇਆ





ਬਰੈਂਪਟਨ, (ਡਾ. ਝੰਡ) -ਪਿਛਲੇ ਕਈ ਸਾਲਾਂ ਤੋਂ ਚੱਲੀ ਆ ਰਹੀ ਪਰੰਪਰਾ ਅਨੁਸਾਰ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਮਿਲ ਕੇ ਬੀਤੇ ਐਤਵਾਰ 16 ਜੂਨ ਨੂੰ 'ਮਦਰਜ਼ ਡੇਅ' ਅਤੇ ਫ਼ਾਦਰਜ਼ ਡੇਅ' ਸ਼ਾਹ ਪਬਲਿਕ ਸਕੂਲ ਵਿਚ ਸਾਂਝੇ ਤੌਰ 'ਤੇ ਮਨਾਇਆ। ਮੁੱਖ-ਮਹਿਮਾਨ ਜਿਨ੍ਹਾਂ ਨੂੰ ਸੱਦਾ-ਪੱਤਰ ਭੇਜੇ ਗਏ ਸਨ, ਨੇ ਸਮੇਂ-ਸਿਰ ਇਸ ਵਿਚ ਸ਼ਿਰਕਤ ਕਰਕੇ ਮੈਂਬਰਾਂ ਨੂੰ ਧੰਨਵਾਦੀ ਬਣਾਇਆ ਅਤੇ ਉਨ੍ਹਾਂ ਦੇ ਆਉਣ 'ਤੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰ ਦਿੱਤੀ ਗਈ।

ਪ੍ਰੋਗਰਾਮ ਦੇ ਆਰੰਭ ਵਿਚ ਮੰਚ-ਸੰਚਾਲਨ ਦੀ ਕਾਰਵਾਈ ਗੁਰਦੇਵ ਸਿੰਘ ਹੰਸਰਾ ਨਿਭਾਈ ਗਈ। ਸਮਾਗ਼ਮ ਦੀ ਪ੍ਰਧਾਨਗੀ ਪ੍ਰਿੰਸੀਪਲ ਰਾਮ ਸਿੰਘ ਕੁਲਾਰ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਦੇ ਨਾਲ ਪ੍ਰਧਾਨਗੀ-ਮੰਡਲ ਵਿਚ ਸਾਬਕਾ ਚੀਫ਼ ਇੰਜੀਨੀਅਰ ਜਤਿੰਦਰ ਸਿੰਘ, ਪ੍ਰੋ. ਨਿਰਮਲ ਸਿੰਘ ਧਾਰਨੀ, ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਤੱਗੜ, ਜੰਗੀਰ ਸਿੰਘ ਸੈਂਹਬੀ, ਮਿਸਿਜ਼ ਕੁਲਾਰ ਅਤੇ ਸ਼੍ਰੀਮਤੀ ਅੰਮ੍ਰਿਤਪਾਲ ਕੌਰ ਚਾਹਲ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਗੁਰਮੇਲ ਸਿੰਘ ਗਿੱਲ ਵੱਲੋਂ ਮਦਰਜ਼ ਡੇਅ ਨਾਲ ਸਬੰਧਿਤ ਤਰੱਨਮ ਵਿਚ ਗਾਏ ਇਕ ਗੀਤ ਨਾਲ ਕੀਤੀ ਗਈ।

ਉਪਰੰਤ, ਸਟੇਜ ਚਲਾਉਣ ਦੀ ਕਾਰਵਾਈ ਕਰਤਾਰ ਸਿੰਘ ਚਾਹਲ ਨੇ ਸੰਭਾਲ ਲਈ। ਇਸ ਦੌਰਾਨ ਕਲੱਬ ਦੀ ਸੱਭ ਤੋਂ 'ਸੀਨੀਅਰ ਮਦਰ' ਮਾਤਾ ਰਛਪਾਲ ਕੌਰ ਬੋਪਾਰਾਏ ਨੂੰ ਉਨ੍ਹਾਂ ਦੇ ਪਰਿਵਾਰ ਦੀ ਹਾਜ਼ਰੀ ਵਿਚ ਸਨਮਾਚ-ਚਿੰਨ੍ਹ ਅਤੇ ਸਰੋਪਾਉ ਭੇਂਟ ਕਰਨ ਦੀ ਰਸਮ ਪ੍ਰਿੰਸੀਪਲ ਰਾਮ ਸਿੰਘ ਕੁਲਾਰ ਅਤੇ ਵਾਰਡ ਨੰਬਰ 9-10 ਦੇ ਸਿਟੀ ਕਾਊਂਸਲਰ ਹਰਕੀਰਤ ਸਿੰਘ ਵੱਲੋਂ ਮਿਲ ਕੇ ਨਿਭਾਈ ਗਈ। ਏਸੇ ਤਰ੍ਹਾਂ ਕਲੱਬ ਦੇ ਸੱਭ ਤੋਂ ਸੀਨੀਅਰ ਫ਼ਾਦਰ ਸ. ਕੇਵਲ ਸਿੰਘ ਸਹੋਤਾ ਨੂੰ ਵੀ ਉਨਾਂ ਦੇ ਪਰਿਵਾਰਿਕ ਮੈਂਬਰਾਂ ਦੀ ਹਾਜ਼ਰੀ ਵਿਚ ਕਲੱਬ ਵੱਲੋਂ ਸਨਮਾਨ-ਚਿਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਿਆ।

ਇਸ ਦੌਰਾਨ ਪ੍ਰੋ. ਨਿਰਮਲ ਸਿੰਘ ਧਾਰਨੀ ਨੇ ਫਾਦਰਜ਼ ਡੇਅ ਅਤੇ ਮਦਰਜ਼ ਡੇਅ ਦੀ ਅਹਿਮੀਅਤ ਬਾਰੇ ਭਰਪੂਰ ਚਾਨਣਾ ਪਾਇਆ। ਪ੍ਰਿੰਸੀਪਲ ਰਾਮ ਸਿੰਘ ਕੁਲਾਰ ਨੇ ਆਪਣੇ ਸੰਬੋਧਨ ਵਿਚ ਧਰਤੀ ਮਾਂ ਦੀ ਮਹਾਨਤਾ ਬਾਰੇ ਆਪਣੇ ਖ਼ੂਬਸੂਰਤ ਵਿਚਾਰ ਪੇਸ਼ ਕੀਤੇ। ਸਮਾਗ਼ਮ ਵਿਚ ਆਈਆਂ ਸੰਗਤਾਂ ਦਾ ਧੰਨਵਾਦ ਪ੍ਰਧਾਨ ਰਣਜੀਤ ਸਿੰਘ ਤੱਗੜ ਅਤੇ ਇਕਬਾਲ ਸਿੰਘ ਘੋਲੀਆ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਆਉਣ ਵਾਲੇ ਸਮੇਂ ਵਿਚ ਵੀ ਅਜਿਹੇ ਸਮਾਗ਼ਮ ਰਚਾਉਂਦੇ ਰਹਿਣ ਦੇ ਵਾਅਦੇ ਨਾਲ ਸੱਭਨਾਂ ਦੀ ਲੰਮੀ ਉਮਰ ਦੀ ਦੁਆ ਦੀ ਕਾਮਨਾ ਕੀਤੀ ਗਈ। ਸਮਾਗ਼ਮ ਦੇ ਅੰਤ ਵਿਚ ਸਾਰਿਆਂ ਨੇ ਚਾਹ, ਪਾਣੀ ਅਤੇ ਸਨੈਕਸ ਦਾ ਖ਼ੂਬ ਅਨੰਦ ਮਾਣਿਆਂ।

# ਬਰੈਂਪਟਨ 'ਚ ਨਵੇਂ ਸਾਈਬਰ ਸਕਿਓਰਿਟੀ ਹੱਬ ਲਈ 10 ਮਿਲੀਅਨ ਡਾਲਰ ਦੇ ਸਹਿਯੋਗ ਦਾ ਐਲਾਨ





ਬਰੈਂਪਟਨ: ਕੈਨੇਡਾ ਦੇ ਪੋਸਟ ਸੈਕੰਡਰੀ ਵਿੱਦਿਅਕ-ਅਦਾਰੇ ਉੱਚ-ਪੱਧਰੀ ਸਿੱਖਿਅਤ ਕਾਮੇ ਤਿਆਰ ਕਰਦੇ ਹਨ ਜਿਹੜੇ ਕਿ ਵੱਖ-ਵੱਖ ਖ਼ੇਤਰਾਂ ਵਿਚ ਸੰਸਾਰ-ਪੱਧਰ ਦੀ ਖੋਜ ਕਰਦੇ ਹਨ ਅਤੇ ਆਪਣੇ ਨਵੇਂ ਅਹਿਮ ਵਿਚਾਰ ਪੇਸ਼ ਕਰਦੇ ਹਨ। ਅੱਜ ਅਸੀਂ ਡਿਜੀਟਲ-ਸੰਸਾਰ ਵਿਚ ਸ਼ਾਮਲ ਹੋ ਕੇ ਇਕ ਦੂਸਰੇ ਦੇ ਹੋਰ ਨੇੜੇ ਹੁੰਦੇ ਜਾਂਦੇ ਹਾਂ। ਅਜੋਕੇ ਸਮੇਂ ਦੌਰਾਨ ਅਤੇ ਭਵਿੱਖ ਦੀਆਂ ਨੌਕਰੀਆਂ ਲਈ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਨੂੰ ਲੋੜੀਦੇ ਸਕਿੱਲ ਮੁਹੱਈਆ ਕਰਨ ਲਈ ਇਹ ਅਦਾਰੇ ਹੋਰ ਵੀ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ।

ਬੀਤੇ ਸ਼ੁੱਕਰਵਾਰ 14 ਜੂਨ ਨੂੰ ਮਾਣਯੋਗ ਮਨਿਸਟਰ ਆਫ਼ ਆਈਨੋਵੇਸ਼ਨ, ਸਾਇੰਸ ਐਂਡ ਅਤੇ ਇਕਨਾਮਿਕ ਡਿਵੈੱਲਪਮੈਂਟ ਨਵਦੀਪ ਬੈਂਸ ਜਿਹੜੇ ਕਿ 'ਫ਼ੈੱਡਡੇਵ ਓਨਟਾਰੀਓ' ਨਾਲ ਵੀ ਜੁੜੇ ਹੋਏ ਹਨ, ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨਾਲ ਮਿਲ ਕੇ ਐਲਾਨ ਕੀਤਾ ਕਿ ਫ਼ੈੱਡਰਲ ਸਰਕਾਰ ਰਾਇਰਸਨ ਯੂਨੀਵਰਸਿਟੀ ਦੇ ਰੋਂਜਰਜ਼ ਸਾਈਬਰਸਕਿਉਰਿਟੀ ਕੈਟਾਲਿਸਟ ਲਈ 10 ਮਿਲੀਅਨ ਡਾਲਰ ਦੀ ਪੂੰਜੀ ਨਿਵੇਸ਼ ਕਰ ਰਹੀ ਹੈ। ਇਸ ਐਲਾਨ ਨਾਲ ਰਾਇਰਸਨ ਯੂਨੀਵਰਸਿਟੀ ਦੀ ਸਹਾਇਤਾ ਨਾਲ ਬਰੈਂਪਟਨ ਡਾਊਨਟਾਊਨ ਵਿਚ ਬਣਾਏ ਜਾ ਰਹੇ ਨਵੇਂ ਨੈਸ਼ਨਲ ਸੈਂਟਰ ਫ਼ਾਰ ਆਈਨੋਵੇਸ਼ਨ ਐਂਡ ਕੋਲੈਬੋਰੇਸ਼ਨ ਇਨ ਸਾਈਬਰਸਕਿਓਰਿਟੀ ਨੂੰ ਕਾਫ਼ੀ ਵਿੱਤੀ-ਸਹਾਇਤਾ ਮਿਲੇਗੀ।

ਸਰਕਾਰ ਅਤੇ ਇੰਡਸਟਰੀ ਦੇ ਭਾਈਵਾਲਾਂ ਦੇ ਨੇੜਲੇ ਸਹਿਯੋਗ ਨਾਲ ਇਸ ਕੈਟਾਲਿਸਟ ਸਾਈਬਰਸਕਿਉਰਿਟੀ ਖ਼ੇਤਰ ਵਿਚ ਲੋੜੀਂਦੇ ਸਕਿੱਲਡ ਵਰਕਰਾਂ ਦੀ ਮੰਗ ਨੂੰ ਪੂਰਿਆਂ ਕਰਨ ਲਈ ਇਕ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਆਰੰਭ ਕੀਤਾ ਜਾਏਗਾ। ਇਸ ਦੇ ਨਾਲ ਹੀ ਇਹ ਪ੍ਰੋਗਰਾਮ 40 ਸਾਂਝੇਦਾਰੀਆਂ ਕਾਇਮ ਕਰੇਗਾ ਅਤੇ ਭਵਿੱਖ ਵਿਚ ਆਉਣ ਵਾਲੀਆਂ ਸਾਈਬਰ ਕਰਾਈਮਜ਼ ਦੀਆਂ ਧਮਕੀਆਂ ਦੇ ਹੱਲ ਲਈ ਖੋਜ-ਕਰਤਾਵਾਂ ਤੇ ਇੰਡਸਟਰੀ ਨਾਲ ਜੁੜੇ ਵਿਅੱਕਤੀਆਂ ਵਿਚਕਾਰ ਨੇੜਤਾ ਪੈਦਾ ਕਰੇਗਾ। ਇਹ ਪੂੰਜੀ-ਨਿਵੇਸ਼ ਕੈਨੇਡੀਅਨ ਸਾਈਬਰਸਕਿਉਰਿਟੀ ਫ਼ਰਮਾਂ ਦੇ ਵਿਕਾਸ ਲਈ ਨਵੇਂ ਕਾਰੋਬਾਰੀ ਅਦਾਰਿਆਂ ਨੂੰ ਉਤਸ਼ਾਹਿਤ ਕਰੇਗਾ ਅਤੇ 60 ਕੰਪਨੀਆਂ ਨੂੰ ਉਨ੍ਹਾਂ ਦੇ ਨਵੇਂ ਪ੍ਰੋਡਕਟ ਵੇਚਣ ਲਈ ਨਵੀਆਂ ਮੰਡੀਆਂ ਵਿਚ ਪ੍ਰਵੇਸ਼ ਹੋਣ ਲਈ ਮਦਦ ਕਰੇਗਾ।

ਇਸ ਪ੍ਰੋਗਰਾਮ ਨਾਲ 790 ਸਕਿੱਲਡ ਨੌਕਰੀਆਂ ਪੈਦਾ ਹੋਣਗੀਆਂ ਜਿਨ੍ਹਾਂ ਵਿਚੋਂ 600 ਇੰਡਸਰੀ ਖ਼ੇਤਰ ਵਿਚ ਹੋਣਗੀਆਂ ਅਤੇ ਉਨ੍ਹਾਂ ਦੇ ਲਈ ਲੋੜੀਂਦੀ ਟ੍ਰੇਨਿੰਗ ਅਤੇ ਸਰਟੀਫ਼ੀਕੇਸ਼ਨ ਦੀ ਜ਼ਰੂਰਤ ਹੋਵੇਗੀ। 180 ਹੋਰ ਨੌਕਰੀਆਂ ਕਮੱਰਸ਼ੀਅਲ ਬਿਜ਼ਨੈੱਸ ਵਿਚ ਹੋਣ ਵਾਲੇ ਵਾਧੇ ਨਾਲ ਬਣਨਗੀਆਂ ਅਤੇ ਹੋਰ 13 ਪ੍ਰੋਜੈੱਕਟ ਮੈਨੇਜਮੈਂਟ ਤੇ ਕੈਟਲਿਸਟ ਦੀ ਡਿਲਿਵਰੀ ਨਾਲ ਪੈਦਾ ਹੋਣਗੀਆਂ। 'ਫ਼ੈੱਡਡੇਵ ਓਨਟਾਰੀਓ' ਤੋਂ ਇਲਾਵਾ ਰੋਂਜਰਜ਼ ਕਮਿਊਨੀਕੇਸ਼ਨ ਇੰਕ., ਰਾਇਲ ਬੈਂਕ ਆਫ਼ ਕੈਨੇਡਾ ਅਤੇ ਬਰੈਂਪਟਨ ਸਿਟੀ ਵੀ ਇਸ ਨਵੀਂ ਹੱਬ ਦੇ ਲਈ ਪੂੰਜੀ ਨਿਵੇਸ਼ ਕਰ ਰਹੇ ਹਨ ਜਿਸ ਨਾਲ ਇਹ ਰਾਸ਼ੀ 20 ਮਿਲੀਅਨ ਡਾਲਰ ਹੋ ਜਾਏਗੀ।

ਇਹ ਇਨਵੈੱਸਟਮੈਂਟ ਕੈਨੇਡਾ ਸਰਕਾਰ ਦੇ 'ਡਿਜੀਟਲ ਚਾਰਟਰ' ਨੂੰ ਮੁੱਖ ਰੱਖ ਕੇ ਕੀਤੀ ਜਾ ਰਹੀ ਹੈ। ਇਸ ਚਾਰਟਰ ਦੇ 10 ਸਿਧਾਂਤ ਸਾਨੂੰ ਦੱਸਦੇ ਹਨ ਕਿ ਆਪਣੇ ਟੇਲੈਂਟ ਅਤੇ ਉਪਲੱਭਧ ਸਾਧਨਾਂ ਦੇ ਨਾਲ ਅਸੀਂ ਭਵਿੱਖ ਤਬਦੀਲੀ ਦੇ ਇਸ ਯੁੱਗ ਵਿਚ ਡਿਜੀਟਲ ਦੁਨੀਆਂ ਵਿਚ ਦਰਪੇਸ਼ ਚੁਣੌਤੀਆਂ ਦਾ ਕਿਵੇਂ ਸਾਹਮਣਾ ਕਰਨਾ ਹੈ। ਇਸ ਦਾ ਦੂਸਰਾ ਸਿਧਾਂਤ ਖ਼ਾਸ ਤੌਰ 'ਤੇ ਕੈਨੇਡਾ ਦੀ ਸੁਰੱਖਿਆ ਅਤੇ ਆਨ-ਲਾਈਨ ਸਕਿਉਰਿਟੀ ਨਾਲ ਸਬੰਧਿਤ ਹੈ ਜਿਹੜੀ ਕਿ ਅਜੋਕੀ ਸਾਈਬਰ ਸਕਿਉਰਿਟੀ ਟੈਕਨਾਲੋਜੀਆਂ ਦੇ ਆਧਾਰਿਤ ਹੈ।

ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਮੰਤਰੀ ਨਵਦੀਪ ਬੈਂਸ ਨੇ ਕਿਹਾ,"ਡਿਜੀਟਲ ਦੁਨੀਆਂ ਵਿਚ ਲਗਾਤਾਰ ਦਿਲਚਸਪੀ ਕਾਇਮ ਰੱਖਦਿਆਂ ਹੋਇਆਂ ਕੈਨੇਡਾ-ਵਾਸੀਆਂ ਦੀ ਡਿਜੀਟਲ ਪ੍ਰਾਈਵੇਸੀ ਨੂੰ ਸੁਰੱਖਿਅਤ ਰੱਖਣਾ ਅਤੀ ਜ਼ਰੂਰੀ ਹੈ। ਇਸ ਦੇ ਨਾਲ ਹੀ ਡਾਟਾ-ਡਰਿਵਨ ਇਕਾਨੌਮੀ ਨਾਲ ਕੈਨੇਡਾ-ਵਾਸੀਆਂ ਦੇ ਜੀਵਨ ਨੂੰ ਬੇਹਤਰ ਬਨਾਉਣ ਲਈ ਖੋਜੀਆਂ ਕੋਲ ਬੇਸ਼ੁਮਾਰ ਮੌਕੇ ਮੌਜੂਦ ਹਨ। ਰਾਇਰਸਨ ਵਰਗੇ ਪੋਸਟ ਸੈਕੰਡਰੀ ਵਿਦਿਅਕ-ਅਦਾਰਿਆਂ ਦੇ ਐਕਸਪਰਟ ਤਜਰਬੇ ਦਾ ਲਾਭ ਉਠਾਉਂਦਿਆਂ ਹੋਇਆਂ ਅਸੀਂ ਕੈਨੇਡਾ ਵਿੱਚੋਂ ਟੇਲੈਂਟ ਦੀ ਭਾਲ ਕਰ ਸਕਦੇ ਹਾਂ। ਸਾਡੀ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸਾਡੇ ਕਾਮੇਂ ਸਹੀ ਸਕਿੱਲ ਪ੍ਰਾਪਤ ਕਰਕੇ ਦੇਸ਼ ਦੇ ਨਵੇਂ ਅਰਥਚਾਰੇ ਵਿੱਚੋਂ ਲਾਭ ਪ੍ਰਾਪਤ ਕਰ ਸਕਣ ਅਤੇ ਨਾਲ ਹੀ ਕੈਨੇਡਾ ਦੀ ਪ੍ਰਾਈਵੇਸੀ ਨੂੰ ਵੀ ਸੁਰੱਖਿਅਤ ਰੱਖ ਸਕਣ।"

ਇਸ ਦੌਰਾਨ ਸੋਨੀਆ ਸਿੱਧੂ ਦਾ ਕਹਿਣਾ ਸੀ,"ਸਾਈਬਰ ਸਕਿਉਰ ਕੈਟਾਲਿਸਟ ਨੂੰ ਸਾਡੀ ਸਰਕਾਰ ਦੀ ਇਹ ਸਪੋਰਟ ਦਰਸਾ ਰਹੀ ਹੈ ਕਿ ਬਰੈਂਪਟਨ ਦੇ ਵਿਕਾਸ ਲਈ ਉਸ ਨੂੰ ਟੇਲੈਂਟ ਪ੍ਰਦਾਨ ਕਰਨ ਲਈ ਉਹ ਕਿੰਨੀ ਸੁਹਿਰਦ ਹੈ। ਰਾਇਰਸਨ ਯੂਨੀਵਰਸਿਟੀ ਇਸ ਅਹਿਮ ਖ਼ੇਤਰ ਵਿਚ ਅਗਵਾਈ ਵਾਲਾ ਰੋਲ ਨਿਭਾ ਰਹੀ ਹੈ। ਉਹ ਲੋੜੀਂਦੀ ਟ੍ਰੇਨਿੰਗ ਅਤੇ ਸਾਧਨ ਮੁਹੱਈਆ ਕਰ ਰਹੀ ਹੈ ਜਿਸ ਦੀ ਕੈਨੇਡਾ-ਵਾਸੀਆਂ ਨੂੰ ਸਾਈਬਰ ਸਕਿਉਰਿਟੀ ਦੀਆਂ ਚੁਣੌਤੀਆਂ ਦਾ ਸਾਹ-ਮਣਾ ਕਰਨ ਅਤੇ ਭਵਿੱਖ ਦੀਆਂ ਨੌਕਰੀਆਂ ਪ੍ਰਾਪਤ ਕਰਨ ਲਈ ਅਤਿਅੰਤ ਜ਼ਰੂਰਤ ਹੈ। ਮੈਂ ਇਸ ਪ੍ਰੋਜੈਕਟ ਲਈ ਬੜੀ ਉਤਸ਼ਾਹਿਤ ਹਾਂ ਅਤੇ ਇਹ ਪ੍ਰਾਜੈਕਟ ਰਾਇਰਸਨ ਯੂਨੀਵਰਸਿਟੀ, ਬਰੈਂਪਟਨ-ਵਾਸੀਆਂ ਅਤੇ ਸਾਰੇ ਦੇਸ਼ ਲਈ ਲਾਭਦਾਇਕ ਸਾਬਤ ਹੋਵੇਗਾ।"

# ਵਿਸ਼ਵ ਪੰਜਾਬੀ ਕਾਨਫ਼ਰੰਸ ਲਈ ਤਿਆਰੀਆਂ ਮੁਕੰਮਲ





## ਭਾਰਤ, ਅਮਰੀਕਾ ਤੇ ਆਸਟ੍ਰੇਲੀਆ ਤੋਂ ਪਹੁੰਚੇ ਵਿਦਵਾਨ

ਬਰੈਂਪਟਨ, (ਡਾ. ਝੰਡ) ਬਰੈਂਪਟਨ ਵਿਚ 22 ਅਤੇ 23 ਜੂਨ ਨੂੰ ਆਯੋਜਿਤ ਕੀਤੀ ਜਾ ਰਹੀ 'ਵਿਸ਼ਵ ਪੰਜਾਬੀ ਕਾਨਫ਼ਰੰਸ' ਦੀਆਂ ਤਿਆਰੀਆਂ ਪ੍ਰਬੰਧਕਾਂ ਬਿਲਕੁਲ ਮੁਕੰਮਲ ਹੋ ਚੁੱਕੀਆਂ ਹਨ। ਇਸ ਵਿਚ ਭਾਗ ਲੈਣ ਲਈ ਦੂਸਰੇ ਦੇਸ਼ਾਂ ਤੋਂ ਕਈ ਵਿਦਿਵਾਨ ਇੱਥੇ ਪਹੁੰਚ ਚੁੱਕੇ ਹਨ ਅਤੇ ਹੋਰ ਕਈਆਂ ਦੇ ਇਕ-ਦਿਨਾਂ ਤੱਕ ਪਹੁੰਚਣ ਦੀ ਸੰਭਾਵਨਾ ਹੈ। ਡੈਲੀਗੇਟਾਂ ਨੂੰ ਜੀ-ਆਇਆਂ ਕਹਿਣ ਅਤੇ ਉਨ੍ਹਾ ਦੀ ਰਿਹਾਇਸ਼ ਆਦਿ ਦੇ ਪ੍ਰਬੰਧ ਲਈ ਵੱਖ-ਵੱਖ ਕਮੇਟੀਆਂ ਆਪੋ-ਆਪਣੀਆਂ ਡਿਊਟੀਆਂ ਸੰਭਾਲ ਲਈਆਂਂ ਹਨ।


ਇਸ ਦੌਰਾਨ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਇਸ ਕਾਨਫ਼ਰੰਸ ਵਿਚ ਭਾਗ ਲੈਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਨਿੱਜਰ ਅਤੇ ਪ੍ਰੋਫ਼ੈਸਰ ਸਾਹਿਬਾਨ ਡਾ. ਭੀਮ ਇੰਦਰ ਸਿੰਘ ਤੇ ਡਾ. ਕੰਵਰ ਜਸਮਿੰਦਰਪਾਲ ਸਿੰਘ ਇੱਧੇ ਪਧਾਰ ਚੁੱਕੇ ਹਨ। ਇਨਾਂ ਤੋਂ ਇਲਾਵਾ ਮੋਹਾਲੀ ਤੋਂ ਪੰਜਾਬ ਵਧਾਨ ਸਭਾ ਦੇ ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ, ਲੁਧਿਆਣਾ ਤੋਂ ਉੱਘੇ ਕਵੀ 'ਤੇ ਚਿੰਤਕ ਜਸਵੰਤ ਜ਼ਫ਼ਰ, ਜਲੰਧਰ ਤੋਂ ਡਾ. ਗੋਪਾਲ ਸਿੰਘ ਬੁੱਟਰ ਤੇ 'ਜੱਗ ਬਾਣੀ ਟੀ.ਵੀ.' ਦੀ ਹੋਸਟ ਸ਼ੈਰੀ ਗੋਰਵਾ ਅਤੇ ਯੂਨੀਵਰਸਿਟੀ ਕਾਲਜ ਘਨੌਰ ਤੋਂ ਡਾ. ਰੁਪਿੰਦਰ ਕੌਰ ਵੀ ਬਰੈਂਪਟਨ ਪਹੁੰਚ ਚੁੱਕੇ ਹਨ ਅਤੇ ਉੱਘੇ ਅਰਥ-ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਬੁੱਧਵਾਰ ਨੂੰ ਇੱਥੇ ਪਹੁੰਚ ਰਹੇ ਹਨ।

ਭਾਰਤ ਤੋਂ ਇਲਾਵਾ ਅਮਰੀਕਾ ਤੋਂ ਡਾ. ਗੁਰਬਖ਼ਸ਼ ਸਿੰਘ ਭੰਡਾਲ, ਦਲਵੀਰ ਸਿੰਘ ਨਿੱਜਰ, ਮਨਜੀਤ ਸਿੰਘ ਗਿੱਲ ਅਤੇ ਸੁਖਦੇਵ ਸਿੰਘ ਸ਼ਾਂਤ ਅਤੇ ਆਸਟ੍ਰੇਲੀਆ ਤੋਂ ਪ੍ਰਭਜੀਤ ਸਿੰਘ ਸੰਧੂ, ਬਲਦੇਵ ਸਿੰਘ ਨਿੱਜਰ। ਪਰਮਜੀਤ ਸਿੰਘ ਬੇਨੀਪਾਲ ਤੇ ਵਿਦਵਾਨ ਸ਼ਿਰਕਤ ਕਰ ਰਹੇ ਹਨ ਅਤੇ ਇਨ੍ਹਾ ਵਿੱਚੋਂ ਕਈ ਪਹੁੰਚ ਚੁੱਕੇ ਹਨਅ ਤੇ ਕਈ ਇਕ-ਦੋ ਦਿਨਾਂ ਤੀਕ ਬਰੈਂਪਟਨ ਪਹੁੰਚ ਰਹੇ ਹਨ। ਇਸ ਦੇ ਨਾਲ ਹੀ ਪ੍ਰਬੰਧਕਾਂ ਨੂੰ ਗਰੇਟਰ ਟੋਰਾਂਟੋ ਏਰੀਏ ਅਤੇ ਵੈਨਕੂਵਰ ਦੇ ਲੇਖਕਾਂ ਅਤੇ ਉੱਘੀਆਂ ਪੰਜਾਬੀ ਸ਼ਖ਼ਸੀਅਤਾਂ ਤੇ ਸੰਸਥਾਵਾਂ ਵੱਲੋਂ ਵੀ ਕਾਨਫ਼ਰੰਸ ਲਈ ਭਰਵਾਂ ਹੁੰਗਾਰਾ ਪ੍ਰਾਪਤ ਹੋ ਰਿਹਾ ਹੈ। ਉਨ੍ਹਾਂ ਵੱਲੋਂ ਇਹ ਵੀ ਖਿਆਲ ਰੱਖਿਆ ਗਿਆ ਹੈ ਕਿ ਕੈਨੇਡਾ ਅਤੇ ਖ਼ਾਸ ਕਰਕੇ ਟੋਰਾਂਟੋ ਦੇ ਇਲਾਕੇ ਦੇ ਲੇਖਕਾਂ ਤੇ ਵਿਦਵਾਨਾਂ ਦੀ ਇਸ ਕਾਨਫ਼ਰੰਸ ਵਿਚ ਭਰਵੀਂ ਸ਼ਮੂਲੀਅਤ ਹੋਵੇ। ਇਸ ਲਈ ਉਨ੍ਹਾਂ ਵਿਚੋਂ ਵੀ ਕਈਆਂ ਕੋਲੋਂ ਉਚੇਚੇ ਤੌਰ 'ਤੇ ਪੇਪਰ ਲਿਖਵਾਏ ਗਏ ਹਨ ਜਿਨ੍ਹਾਂ ਵਿਚ ਟੋਰਾਂਟੋ ਦੀ ਰਾਇਰਸਨ ਯੂਨੀਵਰਸਿਟੀ ਦੀ ਵਿਦਵਾਨ ਸਤਮਾ ਘੋਸ਼, ਸ. ਪੂਰਨ ਸਿੰਘ ਪਾਂਧੀ, ਡਾ. ਡੀ.ਪੀ. ਸਿੰਘ, ਡਾ. ਸੁਖਦੇਵ ਸਿੰਘ ਝੰਡ ਤੇ ਡਾ. ਕੰਵਲਜੀਤ ਕੌਰ ਆਦਿ ਸ਼ਾਮਲ ਹਨ।

ਪ੍ਰਬੰਧਕਾਂ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਭਾਰਤ ਤੋਂ ਆਏ ਬੀਰ ਦਵਿੰਦਰ ਸਿੰਘ, ਡਾ. ਮਨਜੀਤ ਸਿੰਘ ਨਿੱਜਰ, ਡਾ. ਸੁੱਚਾ ਸਿੰਘ ਗਿੱਲ, ਜਸਵੰਤ ਜ਼ਫ਼ਰ, ਡਾ. ਭੀਮ ਇੰਦਰ ਸਿੰਘ, ਨਾਮਧਾਰੀ ਸੰਪਰਦਾਇ ਦੇ ਮੁਖੀ ਠਾਕਰ ਦਲੀਪ ਸਿੰਘ ਅਤੇ ਅਮਰੀਕਾ ਤੇ ਆਸਟ੍ਰੇਲੀਆ ਤੋਂ ਆਏ ਹੋਰ ਵਿਦਵਾਨ ਉਦਘਾਟਨੀ-ਸੈਸ਼ਨ ਅਤੇ ਵੱਖ-ਵੱਖ ਵਿੱਦਿਅਕ ਸੈਸ਼ਨਾਂ ਦੇ ਪ੍ਰਧਾਨਗੀ-ਮੰਡਲਾਂ ਵਿਚ ਸ਼ਾਮਲ ਹੋਣਗੇ।

ਇਹ ਦੱਸਣਯੋਗ ਹੈ ਕਿ ਇਹ ਦੋ-ਦਿਨਾਂ ਵਿਸ਼ਵ ਕਾਨਫ਼ਰੰਸ 22 ਅਤੇ 23 ਜੂਨ 2019 ਨੂੰ ਿਅਪਰਣਡਅ ਭਅਨਤੁਣਟ ੍ਹਅਲਲ, 510 ਧਣਦਰਹੁਰਸਟ ਧਰ।, ਭਰਅਮਪਟੋਨ ਵਿਚ ਹੋ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਚੇਅਰਮੈਨ ਗਿਆਨ ਸਿੰਘ ਕੰਗ (416-427-9068), ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ (416-816-6663), ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਅਤੇ ਮੀਡੀਆ-ਕੋਆਰਡੀਨੇਟਰ ਚਮਕੌਰ ਸਿੰਘ ਮਾਛੀਕੇ (416-880-8538) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਟਰਾਂਸ ਮਾਊਂਟੇਨ ਪਾਈਪ ਲਾਈਨ ਪਰਵਾਨਗੀ- ਅਵਸਰ ਅਤੇ ਚੁਣੌਤੀਆਂ

ਕਈ ਸਾਲਾਂ ਦੀ ਉੱਘੜ ਦੁੱਘੜ ਦੇਰੀ ਤੋਂ ਬਾਅਦ ਕੱਲ ਫੈਡਰਲ ਵਜ਼ਾਰਤ ਨੇ ਟਰਾਂਸ ਮਾਊਂਟੇਨ ਪਾਈਪ ਲਾਈਨ ਦੇ ਵਿਸਥਾਰ ਨੂੰ ਪਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜਿੱਥੇ ਅਲਬਰਟਾ ਵਿੱਚ ਪ੍ਰੀਮੀਅਰ ਜੇਸਨ ਕੈਨੀ ਤੋਂ ਲੈ ਕੇ ਆਇਲ ਸੈਕਟਰ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਲੱਖਾਂ ਲੋਕ ਖੁਸ਼ੀਆਂ ਮਨਾ ਰਹੇ ਹਨ ਤਾਂ ਦੂਜੇ ਪਾਸੇ ਬ੍ਰਿਟਿਸ਼ ਕੋਲੰਬੀਆ ਵਿੱਚ ਪ੍ਰੀਮੀਅਰ ਜੌਹਨ ਹਾਰਗਨ ਸਮੇਤ ਜ਼ਿਆਦਾਤਰ ਲੋਕ ਨਾਖੁਸ਼ ਹਨ। ਵਾਤਾਵਰਣ ਪਰੇਮੀ ਇਸ ਕਦਮ ਨੂੰ ਲਿਬਰਲ ਸਰਕਾਰ ਦੇ ਵਾਤਾਵਰਣ ਸਬੰਧੀ ਦਾਅਵਿਆਂ ਨੂੰ ਖੋਖਲਾ ਕਰਾਰ ਦੇ ਰਹੇ ਹਨ। ਵਾਤਾਵਰਣ ਲਈ ਕੰਮ ਕਰਨ ਵਾਲੀਆਂ 'ਰੇਨ ਫਾਰੈਸਟ ਐਕਸ਼ਨ ਗਰੁੱਪ' ਵਰਗੀਆਂ ਸੰਸਥਾਵਾਂ ਦਾ ਆਖਣਾ ਹੈ ਕਿ ਉਸ ਲਿਬਰਲ ਸਰਕਾਰ ਦਾ ਵਾਤਾਵਰਣ ਬਾਬਤ ਰੋਣਾ ਧੋਣਾ ਮਗਰਮੱਛ ਦੇ ਹੰਝੂਆਂ ਤੋਂ ਵੱਧ ਕੁੱਝ ਨਹੀਂ ਜਿਹੜੀ ਸੋਮਵਾਰ ਨੂੰ ਵਾਤਾਵਰਣ ਬਾਬਤ ਕੌਮੀ ਐਮਰਜੰਸੀ ਦਾ ਐਲਾਨ ਕਰਦੀ ਹੈ ਅਤੇ ਮੰਗਲਵਾਰ ਨੂੰ ਟਰਾਂਸ ਮਾਊਂਟੇਨ ਗੈਸ ਪਾਈਪਲਾਈਨ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦੇਂਦੀ ਹੈ।

ਦਰਅਸਲ ਟਰਾਂਸ ਮਾਊਂਟੇਨ ਪਾਈਪ ਲਾਈਨ ਵਰਗੇ ਵੱਡੇ ਸਕੇਲ ਦੇ ਕੌਮੀ ਪ੍ਰੋਜੈਕਟਾਂ ਬਾਰੇ ਸਮੂਹ ਧਿਰਾਂ ਦੀ ਸਹਿਮਤੀ ਹਾਸਲ ਕਰਨੀ ਔਖੀ ਹੀ ਨਹੀਂ ਹੁੰਦੀ ਸਗੋਂ ਨਾਮੁਮਕਿਨ ਹੁੰਦੀ ਹੈ। ਇਸੇ ਕਾਰਣ ਲਿਬਰਲ ਸਰਕਾਰ ਦੇ ਫੈਸਲੇ ਦਾ ਸੁਆਗਤ ਕਰਨਾ ਬਣਦਾ ਹੈ ਕਿ ਜਿਸਨੇ ਇਸ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ ਬੇਸ਼ੱਕ ਇਹ ਹਰੀ ਝੰਡੀ ਅਦਾਲਤ ਵੱਲੋਂ ਲਾਗੂ ਸ਼ਰਤ ਨੂੰ ਮੰਨਣ ਦੀ ਮਜਬੂਰੀ ਦੇ ਸਿੱਟੇ ਵਜੋਂ ਹੀ ਕਿਉਂ ਨਾ ਦਿੱਤੀ ਗਈ ਹੋਵੇ। ਵਰਨਣਯੋਗ ਹੈ ਕਿ ਟਰਾਂਸ ਮਾਊਂਟੇਨ ਕੱਚੇ ਤੇਲ ਨੂੰ ਅਲਬਰਟਾ ਦੇ ਆਇਲ ਖੇਤਰਾਂ ਤੋਂ ਬ੍ਰਿਟਿਸ਼ ਕੋਲੰਬੀਆਂ ਲਿਜਾਣ ਵਾਲਾ ਪਾਈਪ-ਲਾਈਨ ਪ੍ਰੋਜੈਕਟ ਹੈ। 2013 ਵਿੱਚ ਨੈਸ਼ਨਲ ਐਨਰਜੀ ਬੋਰਡ ਨੇ ਇਸ ਪਾਈਪ ਲਾਈਨ ਦਾ ਵਿਸਥਾਰ ਕਰਨ ਦੀ ਪਰਵਾਨਗੀ ਦਿੱਤੀ ਸੀ ਜਿਸ ਨਾਲ ਟਰਾਂਸ ਮਾਊਂਟੇਨ ਦੀ ਕੈਪੇਸਟੀ ਇੱਕ ਦਿਨ ਵਿੱਚ 3 ਲੱਖ ਬੈਰਲ ਕੱਚਾ ਤੇਲ ਢੋਣ ਤੋਂ ਵੱਧ ਕੇ 5 ਲੱਖ 90 ਹਜ਼ਾਰ ਬੈਰਲ ਹੋ ਜਾਣੀ ਸੀ।

1953 ਵਿੱਚ ਬਣੀ ਇਸ ਪਾਈਪ ਲਾਈਨ ਦੀ ਅਸਲ ਮਲਕੀਅਤ ਕਿੰਡਰ ਮੌਰਗਨ ਨਾਮਕ ਕੰਪਨੀ ਕੋਲ ਹੁੰਦੀ ਸੀ ਪਰ ਵਾਤਾਵਰਣ ਦੀ ਰਖਵਾਲੀ ਕਰਨ ਵਾਲੇ ਗਰੁੱਪਾਂ ਅਤੇ ਮੂਲਵਾਸੀਆਂ ਦੇ ਵਿਰੋਧ ਬਦੌਲਤ ਵਿਸਥਾਰ ਪ੍ਰੋਜੈਕਟ ਖੱਟਾਈ ਵਿੱਚ ਪੈ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਪ੍ਰੋਵਿੰਸ ਇਸ ਪ੍ਰੋਜੈਕਟ ਨੂੰ ਲੈ ਕੇ ਆਪਸ ਵਿੱਚ ਬੁਰੇ ਤਰੀਕੇ ਉਲਝੇ ਰਹੇ ਜਿਸ ਦੇ ਚੱਲਦੇ 2016 ਵਿੱਚ ਫੈਡਰਲ ਸਰਕਾਰ ਨੇ ਇਸ ਪ੍ਰੋਜੈਕਟ ਨੂੰ 4.5 ਬਿਲੀਅਨ ਡਾਲਰ ਦੀ ਕੀਮਤ ਉੱਤੇ ਖਰੀਦ ਲਿਆ ਸੀ। ਲਿਬਰਲ ਸਰਕਾਰ ਦੇ ਇਸ ਫੈਸਲੇ ਦਾ ਉਸ ਵੇਲੇ ਬਹੁਤ ਵਿਰੋਧ ਹੋਇਆ ਸੀ ਕਿਉਂਕਿ ਸਰਕਾਰ ਵੱਲੋਂ ਪਬਲਿਕ ਦੇ ਟੈਕਸ ਡਾਲਰ ਅਜਿਹੇ ਵਿਵਾਦਪੂਰਣ ਪ੍ਰੋਜੈਕਟ ਵਿੱਚ ਨਿਵੇਸ਼ ਕਰਨੇ ਸਹੀ ਨਹੀਂ ਮੰਨੇ ਜਾਂਦੇ। ਇਲਜ਼ਾਮ ਇਹ ਵੀ ਸਨ ਕਿ ਅਲਬਰਟਾ ਵਿੱਚ ਖੁਰਦੇ ਜਾਂਦੇ ਵੋਟ ਬੈਂਕ ਨੂੰ ਕਾਬੂ ਵਿੱਚ ਰੱਖਣ ਲਈ ਟਰੂਡੋ ਸਰਕਾਰ ਨੇ ਇਹ ਜੋਖਮ ਭਰਿਆ ਪ੍ਰੋਜੈਕਟ ਖਰੀਦਿਆ ਸੀ।

ਇਸ ਪ੍ਰੋਜੈਕਟ ਦਾ ਇੱਕ ਹੋਰ ਸੱਚ ਅਲਬਰਟਾ ਵਿੱਚ ਜੌਬਾਂ ਦਾ ਖਤਮ ਹੋਣਾ ਸੀ। 2014-15 ਤੱਕ 'ਆਇਲ ਇਕਾਨਮੀ' ਕਾਰਣ ਅਲਰਬਟਾ ਵਿੱਚ ਜੌਬਾਂ ਦਾ ਹੜ ਆਇਆ ਹੋਇਆ ਸੀ। ਉਹਨਾਂ ਦਿਨਾਂ ਵਿੱਚ ਹਜ਼ਾਰਾਂ ਪਰਵਾਸੀਆਂ ਦਾ ਗਰੇਟਰ ਟੋਰਾਂਟੋ ਏਰੀਆ ਤੋਂ ਮੂਵ ਕਰਕੇ ਅਲਬਰਟਾ ਚਲੇ ਜਾਣਾ ਆਮ ਗੱਲ ਹੁੰਦੀ ਸੀ। ਬਾਅਦ ਵਿੱਚ ਇਕਾਨਮੀ ਵਿੱਚ ਐਨਾ ਨਿਘਾਰ ਆ ਗਿਆ ਕਿ ਅਲਬਰਟਾ ਵੋਟਰਾਂ ਨੇ ਇਸ ਸਾਲ ਵਾਤਾਵਰਣ ਦੀ ਗੱਲ ਨੂੰ ਉੱਕਾ ਲਾਂਭੇ ਰੱਖ ਕੇ ਜੇਸਨ ਕੈਨੀ ਦੇ 'ਹਰ ਹਾਲਤ ਵਿੱਚ ਪਾਈਪ ਲਾਈਨ' ਲਿਆਉਣ ਦੇ ਨਾਅਰੇ ਦਾ ਸਮਰੱਥਨ ਕੀਤਾ। ਕੈਨੇਡੀਅਨ ਐਸੋਸੀਏਸ਼ਨ ਆਫ ਪੈਟਰੋਲੀਅਮ ਪ੍ਰੋਡਿਊਸਰਜ਼ ਮੁਤਾਬਕ 2014 ਤੋਂ 2017 ਦਰਮਿਆਨ ਅਲਬਰਟਾ ਦੇ ਗੈਸ ਅਤੇ ਆਇਲ ਸੈਕਟਰ ਵਿੱਚੋਂ 60 ਹਜ਼ਾਰ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਖਤਮ ਹੋਈਆਂ।

ਸਮੁੱਚੇ ਤੌਰ ਉੱਤੇ ਵੇਖਿਆਂ ਇਹ ਪ੍ਰੋਜੈਕਟ ਇੱਕ ਸੁਆਗਤਯੋਗ ਕਦਮ ਹੈ ਜਿਸ ਨਾਲ ਅਲਬਰਟਾ ਦੀ ਆਰਥਕਤਾ ਨੂੰ ਨਹੀਂ ਸਗੋਂ ਕੈਨੇਡਾ ਨੂੰ ਭਾਰੀ ਲਾਭ ਹੋਵੇਗਾ। ਚੰਗੀ ਗੱਲ ਇਹ ਵੀ ਹੈ ਕਿ ਇਸ ਪ੍ਰੋਜੈਕਟ ਨੂੰ ਬਿੱਲ 69 ਦੀ ਪਹੁੰਚ ਤੋਂ ਬਾਹਰ ਰੱਖਿਆ ਗਿਆ ਹੈ। ਇਸਦਾ ਅਰਥ ਹੈ ਕਿ ਇਸ ਪ੍ਰੋਜੈਕਟ ਨੂੰ ਸਰਕਾਰ ਵੱਲੋਂ ਬਿੱਲ 69 ਬਦੌਲਤ ਕਾਇਮ ਕੀਤੀ ਜਾਣ ਵਾਲੀ ਔਖੀ ਮੁਲਾਂਕਣ ਪ੍ਰਕਿਰਿਆ ਦਾ ਸਾਹਮਣਾ ਨਹੀਂ ਕਰਨਾ ਹੋਵੇਗਾ।

ਵਰਤਮਾਨ ਵਿੱਚ ਕੈਨੇਡਾ ਦਾ 99% ਆਇਲ ਐਕਸਪੋਰਟ ਅਮਰੀਕਾ ਤੱਕ ਸੀਮਤ ਹੈ। ਅਲਬਰਟਾ ਵਿੱਚੋਂ ਐਡਮਿੰਟਨ ਰਾਹੀਂ ਬੀ. ਸੀ. ਵਿੱਚ ਬਰਨਬੀ ਤੱਕ ਜਾਣ ਵਾਲੀ ਇਸ ਪਾਈਪ ਲਾਈਨ ਦੇ ਵਿਛਾਏ ਜਾਣ ਤੋਂ ਬਾਅਦ ਉਮੀਦ ਕੀਤੀ ਜਾ ਸਕਦੀ ਹੈ ਕਿ ਕੈਨੇਡਾ ਵਾਸਤੇ ਏਸ਼ੀਅਨ ਮੁਲਕਾਂ ਵਿੱਚ ਆਇਲ ਐਕਸਪੋਰਟ ਕਰਨ ਦਾ ਰਾਹ ਖੁੱਲ ਜਾਵੇਗਾ। ਸੁਆਲਾਂ ਦਾ ਸੁਆਲ ਬੱਸ ਐਨਾ ਹੈ ਕਿ ਕੀ ਵਾਤਾਵਰਣ ਗਰੁੱਪਾਂ ਵੱਲੋਂ ਕੀਤੇ ਜਾਣ ਵਾਲੇ ਕਿਸੇ ਸੰਭਾਵਿਤ ਅਦਾਲਤੀ ਐਕਸ਼ਨ ਤੋਂ ਬਚਾ ਕਰਕੇ ਸਰਕਾਰ ਇਸ ਪ੍ਰੋਜੈਕਟ ਨੂੰ ਆਰੰਭ ਕਰ ਸਕੇਗੀ ਜਾਂ ਗੱਲ ਐਲਾਨ ਤੱਕ ਹੀ ਸੀਮਤ ਰਹਿ ਜਾਵੇਗੀ।

## ਬਰੈਂਪਟਨ ਨੇ ਪ੍ਰੋਵਿੰਸ ਤੋਂ ਹੈਲਥਕੇਅਰ ਲਈ ਮੰਗੀ ਫੇਅਰ ਡੀਲ

...ਪੰਨਾ 1 ਦਾ ਬਾਕੀ

- ਓਨਟਾਰੀਓ ਦੇ ਹੋਰਨਾਂ ਸ਼ਹਿਰਾਂ ਦੇ ਮੁਕਾਬਲੇ ਬਰੈਂਪਟਨ ਦੇ ਹਸਪਤਾਲਾਂ ਵਿੱਚ 55 ਫੀ ਸਦੀ ਘੱਟ ਬੈੱਡ ਉਪਲਬਧ ਹਨ।
- ਬਰੈਂਪਟਨ ਵਿੱਚ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ- ਹਰ ਸਾਲ ਬਰੈਂਪਟਨ ਵਿੱਚ 14000 ਲੋਕ ਆਉਂਦੇ ਹਨ ਤੇ ਸਾਨੂੰ ਆਪਣੀ ਆਬਾਦੀ ਦੇ ਸਮਰਥਨ ਲਈ ਹੋਰ ਹੈਲਥਕੇਅਰ ਸਰੋਤਾਂ ਦੀ ਲੋੜ ਹੈ।

ਬਰੈਂਪਟਨ ਹੈਲਥਕੇਅਰ ਦੇ ਖੇਤਰ ਵਿੱਚ ਬਿਹਤਰੀਨ ਡੀਲ ਚਾਹੁੰਦਾ ਹੈ। ਸਾਡੀ ਪ੍ਰੋਵਿੰਸ ਤੋਂ ਮੰਗ ਹੈ ਕਿ ਸਾਨੂੰ ਲੋੜੀਂਦੀਆ ਹੈਲਥਕੇਅਰ ਸੇਵਾਵਾਂ ਤੇ ਸਾਡੇ ਸ਼ਹਿਰ ਲਈ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇ।

- ਪੀਲ ਮੈਮੋਰੀਅਲ ਸੈਂਟਰ ਵਿਖੇ ਅਰਜੈਂਟ ਕੇਅਰ ਲਈ ਵੱਧ ਰਹੇ ਦੌਰਿਆਂ ਦੇ ਮੱਦੇਨਜ਼ਰ ਸਾਨੂੰ ਤੁਰੰਤ ਫੰਡ ਮੁਹੱਈਆ ਕਰਵਾਏ ਜਾਣ।
- ਪੀਲ ਮੈਮੋਰੀਅਲ ਸੈਂਟਰ ਵਿਖੇ ਫੇਜ਼ 2 ਮੁਕੰਮਲ ਕਰਨ ਲਈ ਫੰਡ
- ਬਰੈਂਪਟਨ ਵਿੱਚ ਤੀਜੀ ਹੈਲਥਕੇਅਰ ਫੈਸਿਲਿਟੀ ਦਾ ਨਿਰਮਾਣ

ਇਸ ਮੰਗ ਨੂੰ ਪੂਰਾ ਕਰਵਾਉਣ ਲਈ ਅਸੀਂ ਸਾਰੇ ਰਲ ਕੇ ਪਟੀਸ਼ਨ ਉੱਤੇ ਦਸਤਖ਼ਤ ਕਰ ਸਕਦੇ ਹਾਂ। ਇਹ ਪਟੀਸ਼ਨ ਬਰੈਂਪਟਨ ਦੇ ਮਨੋਰੰਜਨ ਸੈਂਟਰਾਂ, ਲਾਇਬ੍ਰੇਰੀਜ਼ ਤੇ ਸਿਟੀ ਹਾਲ ਵਿੱਚ ਉਪਲਬਧ ਹੈ। ਹਰ ਸ਼ਨਿੱਚਰਵਾਰ ਨੂੰ ਇਹ ਪਟੀਸ਼ਨ ਬਰੈਂਪਟਨ ਦੀ ਫਾਰਮਰਜ਼ ਮਾਰਕਿਟ ਵਿੱਚ ਵੀ ਉਪਲਬਧ ਹੋਵੇਗੀ ਤੇ ਪਹਿਲੀ ਜੁਲਾਈ ਨੂੰ ਚਿੰਗੁਆਕਸੀ ਪਾਰਕ ਵਿੱਚ ਮਨਾਏ ਜਾਣ ਵਾਲੇ ਕੈਨੇਡਾ ਡੇਅ ਵਰਗੇ ਖਾਸ ਈਵੈਂਟਸ ਵਿੱਚ ਵੀ ਉਪਲਬਧ ਹੋਵੇਗੀ। ਇਸ ਤੋਂ ਇਲਾਵਾ ਇਸ ਸਾਲ ਦੇ ਅੰਤ ਵਿੱਚ ਅਸੀਂ ਬਰੈਂਪਟਨ ਵਾਸੀਆਂ ਦੇ ਵੱਡੇ ਗਰੁੱਪ ਨੂੰ ਕੁਈਨਜ਼ ਪਾਰਕ ਲਿਆਉਣ ਦਾ ਮਨ ਬਣਾ ਰਹੇ ਹਾਂ ਤਾਂ ਕਿ ਪ੍ਰੋਵਿੰਸ ਇਸ ਗੱਲ ਨੂੰ ਸਮਝ ਸਕੇ ਕਿ ਬਰੈਂਪਟਨ ਲਈ ਸਾਨੂੰ ਸਹੀ ਡੀਲ ਚਾਹੀਦੀ ਹੈ।

Punjabi Post
Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Karam Singh Punia, Gyan Singh; Angrej Singh
Office Admin — Priya Sodhi
Marketing Executives — Priya Sodhi, Kamaljeet Kaur
Graphic Designer — Satnam Singh
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪਿਤਾ ਦੀ ਦੁਕਾਨ ਅੱਗੇ ਐੱਨ ਆਰ ਆਈ ਧੀ ਉੱਤੇ ਛੱਜਾ ਡਿੱਗਣ ਨਾਲ ਮੌਤ

*** ਪਿਤਾ ਦੇ ਸਸਕਾਰ 'ਤੇ ਭਾਰਤ ਆਈ ਮਾਰੀ ਗਈ**

ਆਦਮਪੁਰ, 18 ਜੂਨ (ਪੋਸਟ ਬਿਊਰੋ)- ਆਦਮਪੁਰ ਵਿੱਚ ਦੇਰ ਸ਼ਾਮ ਆਏ ਹਨੇਰੀ ਤੂਫਾਨ ਨੇ ਐੱਨ ਆਰ ਆਈ ਲੜਕੀ ਦੀ ਜਾਨ ਲੈ ਲਈ ਹੈ, ਉਹ ਕੈਨੇਡਾ ਤੋਂ ਆਪਣੇ ਪਿਤਾ ਦੇ ਅੰਤਮ ਸੰਸਕਾਰ ਲਈ ਆਈ ਸੀ। ਮਿਲੀ ਜਾਣਕਾਰੀ ਅਨੁਸਾਰ ਰੇਲਵੇ ਰੋਡ ਆਦਮਪੁਰ ਦੇ ਵਪਾਰੀ ਤਿਲਕ ਰਾਜ ਜੈਨ ਦੀ ਮਈ ਵਿੱਚ ਮੌਤ ਹੋ ਗਈ ਸੀ ਤੇ ਪਿਤਾ ਦੀ ਮੌਤ ਦੇ ਬਾਅਦ ਕੈਨੇਡਾ ਰਹਿੰਦੀ ਧੀ ਦੀਪਾਂਸ਼ੀ ਜੈਨ ਭਾਰਤ ਆਈ ਸੀ। ਆਪਣੇ ਪਿਤਾ ਦਾ ਸਸਕਾਰ ਹੋਣ ਦੇ ਬਾਅਦ ਉਹ ਆਪਣੀ ਮਾਂ ਕੋਲ ਰੁਕ ਗਈ ਸੀ। ਕੱਲ੍ਹ ਸ਼ਾਮ ਦੀਪਾਂਸ਼ੀ ਆਪਣੇ ਪਿਤਾ ਦੀ ਰੇਲਵੇ ਰੋਡ ਵਾਲੀ ਦੁਕਾਨ ਦੇ ਬਾਹਰ ਖੜ੍ਹੀ ਸੀ ਕਿ ਅਚਾਨਕ ਤੇਜ਼ ਹਨੇਰੀ ਚੱਲਣ ਲੱਗੀ ਤੇ ਦੁਕਾਨ ਦੇ ਉਪਰ ਬਣਿਆ ਛੱਜਾ ਦੀਪਾਂਸ਼ੀ ਉੱਤੇ ਆ ਡਿੱਗਾ ਅਤੇ ਉਹ ਮਲਬੇ ਹੇਠਾਂ ਆ ਗਈ। ਆਸਪਾਸ ਦੇ ਲੋਕਾਂ ਨੇ ਉਸ ਨੂੰ ਨਿੱਜੀ ਹਸਪਤਾਲ ਪੁਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਰਨਣ ਯੋਗ ਹੈ ਕਿ ਦੀਪਾਂਸ਼ੀ ਜੈਨ ਕੈਨੇਡਾ ਵਿੱਚ ਸੀ ਏ ਕਰ ਰਹੀ ਸੀ ਅਤੇ ਉਸ ਨੇ ਪਹਿਲਾਂ ਪੰਜ ਜੂਨ ਨੂੰ ਕੈਨੇਡਾ ਵਾਪਸ ਜਾਣਾ ਸੀ, ਪਰ ਉਸ ਦੇ ਰਿਸ਼ਤੇ ਦੀ ਗੱਲ ਚੱਲ ਰਹੀ ਸੀ ਅਤੇ ਇਸੇ ਹਫਤੇ ਉਸ ਦੀ ਮੰਗਣੀ ਹੋਣੀ ਸੀ ਇਸ ਲਈ ਉਸ ਨੇ 24 ਜੂਨ ਸੋਮਵਾਰ ਨੂੰ ਕੈਨੇਡਾ ਵਾਪਸ ਜਾਣਾ ਸੀ।

## ਜ਼ਮੀਨ ਦੇ ਲਾਲਚੀ ਪੁੱਤ ਨੇ ਸਾਥੀਆਂ ਨਾਲ ਮਿਲ ਕੇ ਪਿਓ ਦਾ ਕਤਲ ਕੀਤਾ

ਮੁਕਤਸਰ ਸਾਹਿਬ, 18 ਜੂਨ (ਪੋਸਟ ਬਿਊਰੋ)- ਜ਼ਮੀਨ ਦੇ ਲਾਲਚੀ ਇਕ ਪੁੱਤਰ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਪਿਓ ਦਾ ਕਤਲ ਕਰ ਦੇਣ ਤੇ ਲਾਸ਼ ਨੂੰ ਖੁਰਦ ਬੁਰਦ ਕਰਨ ਦਾ ਕੇਸ ਜ਼ਾਹਰ ਹੋਇਆ ਹੈ। ਪੁਲਿਸ ਨੇ ਕਤਲ ਲਈ ਵਰਤੇ ਗਏ ਹਥਿਆਰ ਤੇ ਕਾਰ ਬਰਾਮਦ ਕਰ ਕੇ ਦੋ ਦੋਸ਼ੀਆਂ ਨੂੰ ਫੜਿਆ ਅਤੇ ਇਕ ਮੁਲਜ਼ਮ ਅਜੇ ਫਰਾਰ ਹੈ।

ਇਸ ਬਾਰੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ ਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ 11 ਜੂਨ 2019 ਨੂੰ ਕਸ਼ਮੀਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਲੰਬੀ ਆਪਣੇ ਲੜਕੇ ਸਤਨਾਮ ਸਿੰਘ ਕੋਲ ਪਿੰਡ ਅਰਨੀਵਾਲਾ ਵਜੀਰਾ ਵਿਖੇ ਗਿਆ, ਪਰ ਵਾਪਸ ਨਾ ਮੁੜਿਆ ਤਾਂ ਥਾਣਾ ਲੰਬੀ ਵਿਖੇ ਗੁੰਮਸ਼ੁਦਗੀ ਰਿਪੋਰਟ ਦਿੱਤੀ ਗਈ। ਇਸ ਦੀ ਜਾਂਚ ਵਿੱਚ 15 ਜੂਨ ਨੂੰ ਕਸ਼ਮੀਰ ਸਿੰਘ ਦੀ ਲਾਸ਼ ਸੇਮ ਨਾਲਾ ਪਿੰਡ ਮੋਢੀਖੇੜਾ ਤੋਂ ਮਿਲੀ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਤੋਂ ਇਹ ਗੱਲ ਪਤਾ ਲੱਗੀ ਕਿ ਕਸ਼ਮੀਰ ਸਿੰਘ ਦਾ ਕਤਲ ਕਰ ਕੇ ਲਾਸ਼ ਖਪਾਉਣ ਲਈ ਕੋਸ਼ਿਸ਼ ਕੀਤੀ ਗਈ ਸੀ, ਜਿਸ ਉੱਤੇ ਅਣਪਛਾਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ। ਜਾਂਚ ਵਿੱਚ ਪਤਾ ਲੱਗਾ ਕਿ ਇਹ ਕਤਲ ਕਸ਼ਮੀਰ ਸਿੰਘ ਦੇ ਪੁੱਤਰ ਸਤਨਾਮ ਸਿੰਘ ਤੇ ਉਸ ਦੇ ਸਾਥੀਆਂ ਅਮਰੀਕ ਸਿੰਘ ਉਰਫ ਬਲਵੰਤ ਸਿੰਘ ਤੇ ਨਿਰਮਲ ਸਿੰਘ ਨਿੰਮਾ ਵਾਸੀ ਅਰਨੀਵਾਲਾ ਵਜੀਰਾ ਨੇ ਮਿਲ ਕੇ ਕੀਤਾ ਸੀ। ਇਨ੍ਹਾਂ ਵਿੱਚੋਂ ਸਤਨਾਮ ਸਿੰਘ ਤੇ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਸ਼ਮੀਰ ਸਿੰਘ ਆਪਣੇ ਛੋਟੇ ਲੜਕੇ ਸਵਰਨ ਸਿੰਘ ਕੋਲ ਪਿੰਡ ਲੰਬੀ ਵਿਖੇ ਰਹਿੰਦਾ ਸੀ। ਸਤਨਾਮ ਸਿੰਘ ਨੂੰ ਸ਼ੱਕ ਸੀ ਕਿ ਕਿਤੇ ਉਸ ਦਾ ਪਿਤਾ ਆਪਣੀ ਸਾਰੀ ਜ਼ਮੀਨ ਉਸ ਦੇ ਛੋਟੇ ਭਰਾ ਸਵਰਨ ਸਿੰਘ ਨੂੰ ਨਾ ਦੇ ਦੇਵੇ, ਜਿਸ ਕਰ ਕੇ ਉਸ ਨੇ ਸਾਥੀਆਂ ਨਾਲ ਮਿਲ ਕੇ ਕਸ਼ਮੀਰ ਸਿੰਘ ਦਾ ਕਤਲ ਕਰ ਦਿੱਤਾ। ਗ੍ਰਿਫਤਾਰ ਕੀਤੇ ਦੋ ਦੋਸ਼ੀਆਂ ਨੂੰ 17 ਜੂਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਉਨ੍ਹਾਂ ਦਾ ਰਿਮਾਂਡ ਹਾਸਲ ਕਰ ਕੇ ਉਨ੍ਹਾਂ ਦੀ ਨਿਸ਼ਾਨਦੇਹੀ ਉਤੇ ਇਕ ਰਿਵਾਲਵਰ 32 ਬੋਰ ਅਤੇ ਦੋ ਕਾਰਤੂਸ ਬਰਾਮਦ ਕੀਤੇ ਅਤੇ ਵਾਰਦਾਤ ਵਿੱਚ ਵਰਤੇ ਸਾਮਾਨ ਤੇ ਕਾਰ ਵੀ ਬਰਾਮਦ ਕਰ ਲਿਆ ਹੈ।

## ਬਿਟ ਕੁਆਇਨ ਨਾਲ ਕਾਫੀ ਸਾਰਾ ਕਾਰਬਨ ਡਾਇਆਕਸਾਈਡ ਦਾ ਨਿਕਾਸ ਹੁੰਦੈ

ਬਰਲਿਨ, 18 ਜੂਨ (ਪੋਸਟ ਬਿਊਰੋ)- ਮਸ਼ਹੂਰ ਡਿਜੀਟਲ ਮੁਦਰਾ ਬਿਟ ਕੁਆਇਨ ਤੋਂ ਹਰ ਸਾਲ 22 ਮੈਗਾ ਟਨ ਕਾਰਬਨ ਡਾਇਆਕਸਾਈਡ ਦਾ ਨਿਕਾਸ ਹੁੰਦਾ ਹੈ, ਜੋ ਲਾਸ ਵੇਗਾਸ ਅਤੇ ਵਿਆਨਾ ਵਰਗੇ ਸ਼ਹਿਰਾਂ ਦੇ ਕੁੱਲ ਕਾਰਬਨ ਡਾਇਆਕਸਾਈਡ ਨਿਕਾਸ ਦੇ ਬਰਾਬਰ ਹੈ। ਇੱਕ ਅਧਿਐਨ ਵਿੱਚ ਇਸ ਗੱਲ ਦੀ ਜਾਣਕਾਰੀ ਮਿਲੀ ਹੈ।

ਜਰਮਨੀ ਦੇ ਟੈਕਨੀਕਲ ਯੂਨੀਵਰਸਿਟੀ ਆਫ ਮਿਊਨਿਖ (ਟੀ ਯੂ ਐੱਮ) ਤੋਂ ਖੋਜਕਾਰਾਂ ਨੇ ਬਿਟ ਕੁਆਇਨ ਦੀ ਦਖਲਅੰਦਾਜ਼ੀ ਤੇ ਉਸ ਦੇ ਜਾਇਜ਼ ਬਣਨ ਦੀ ਪ੍ਰਕਿਰਿਆ ਵਿੱਚ ਕਿਸੇ ਵੀ ਕੰਪਿਊਟਰ ਤੋਂ ਇੱਕ ਗਣਿਤ ਪਹੇਲੀ ਨੂੰ ਹੱਲ ਕਰਨਾ ਜ਼ਰੂਰੀ ਹੁੰਦਾ ਹੈ। ਇਸ ਨੈਟਵਰਕ ਵਿੱਚ ਕੋਈ ਵੀ ਸ਼ਾਮਲ ਹੋ ਸਕਦਾ ਅਤੇ ਪਹੇਲੀ ਹੱਲ ਕਰਨ ਵਾਲੇ ਨੂੰ ਬਦਲੇ 'ਚ ਇਨਾਮ ਵਜੋਂ ਬਿਟ ਕੁਆਇਨ ਮਿਲਦਾ ਹੈ। ਇਸ ਪ੍ਰਕਿਰਿਆ ਵਿੱਚ ਜਿਸ ਗਣਨ ਸਮਰੱਥਾ ਦੀ ਵਰਤੋਂ ਹੁੰਦੀ ਹੈ, ਨੂੰ ਬਿਟ ਕੁਆਇਨ ਮਾਈਨਿੰਗ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਜਿਸ 'ਚ ਬੀਤੇ ਸਾਲ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਸਿਰਫ 2018 ਵਿੱਚ ਇਸ ਵਿੱਚ ਚਾਰ ਗੁਣਾ ਵਾਧਾ ਹੋਇਆ। ਨਤੀਜੇ ਵਜੋਂ ਬਿਟ ਕੁਆਇਨ ਦੀ ਦੌੜ ਨੇ ਇਹ ਸਵਾਲ ਪੈਦਾ ਕਰ ਦਿੱਤਾ ਕਿ ਕੀ ਕ੍ਰਿਪਟੋਕਰੈਂਸੀ ਜਲਵਾਯੂ 'ਤੇ ਵਾਧੂ ਬੋਝ ਤਾਂ ਨਹੀਂ ਪਾ ਰਹੀ। ਕਈ ਅਧਿਐਨ 'ਚ ਬਿਟ ਕੁਆਇਨ ਮਾਈਨਿੰਗ ਨਾਲ ਹੋਣ ਵਾਲੇ ਕਾਰਬਨ ਡਾਇਆਕਸਾਈਡ ਦੇ ਨਿਕਾਸ ਦਾ ਪਤਾ ਲਾਉਣ ਦਾ ਯਤਨ ਕੀਤਾ ਗਿਆ ਹੈ।

## ਬੱਚਿਆਂ ਦੇ ਵਰਤਾਓ, ਨਸ਼ਿਆਂ ਦੇ ਬੁਰੇ ਪ੍ਰਭਾਵ ਤੇ ਘਰੇਲੂ ਹਿੰਸਾ ਬਾਰੇ ਸੈਮੀਨਾਰ 23 ਜੂਨ ਨੂੰ


ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਗੁਰਦੁਆਰਾ ਸਾਹਿਬ ਗਲਿਡਨ ਰੋਡ ਵਿਖੇ ਬੱਚਿਆਂ ਦੇ ਵਰਤਾਓ, ਨਸ਼ਿਆਂ ਦੇ ਬੁਰੇ ਪ੍ਰਭਾਵ ਅਤੇ ਘਰੇਲੂ ਹਿੰਸਾ ਸਬੰਧੀ ਸੈਮੀਨਾਰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ 23 ਜੂਨ ਦਿਨ ਐਤਵਾਰ ਕਰਵਾਇਆ ਜਾ ਰਿਹਾ ਹੈ। ਇਹ ਗੁਰਦੁਆਰਾ ਸਾਹਿਬ 99 ਗਲਿਡਨ ਰੋਡ 'ਤੇ ਸਥਿਤ ਹੈ। ਸੈਮੀਨਾਰ ਦਾ ਸਮਾਂ ਸ਼ਾਮ ਦੇ ਤਿੰਨ ਵਜੇ ਤੋਂ ਸ਼ਾਮ ਸਾਢੇ ਚਾਰ ਵਜੇ ਤੀਕ ਹੋਵੇਗਾ ਅਤੇ ਇਸ ਸੈਮੀਨਾਰ ਦੇ ਮੁੱਖ-ਵੱਕਤਾ ਭਾਈ ਗੁਲਜ਼ਾਰ ਸਿੰਘ ਜੀ ਹੋਣਗੇ। ਇਸ ਸੈਮੀਨਾਰ ਵਿਚ ਬੱਚਿਆਂ ਨੂੰ ਆਉਣ ਦੀ ਆਗਿਆ ਨਹੀਂ ਹੈ ਕਿਉਂਕਿ ਇਹ ਕੇਵਲ ਉਨ੍ਹਾਂ ਦੇ ਮਾਪਿਆਂ ਲਈ ਆਯੋਜਿਤ ਕੀਤਾ ਜਾ ਰਿਹਾ ਹੈ।

ਪ੍ਰਬੰਧਕਾਂ ਵੱਲੋਂ ਕਮਿਊਨਿਟੀ ਦੇ ਆਗੂਆਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਫ਼ੋਨ ਨੰਬਰ 905-457-2860 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸੰਜੂ ਗੁਪਤਾ ਨੇ ਸਾਲ 2019 ਦੀ '10 ਕਿਲੋਮੀਟਰ ਵਾਟਰਲੂ ਕਲਾਸਿਕ' 64 ਮਿੰਟ 5 ਸਕਿੰਟ ਵਿਚ ਪੂਰੀ ਕੀਤੀ

ਬਰੈਂਪਟਨ, (ਡਾ. ਝੰਡ) -ਲੱਗਭੱਗ ਹਰ ਹਫ਼ਤੇ ਇਕ ਜਾਂ ਦੋ ਲੰਮੀਆਂ ਦੌੜਾਂ ਲਾਉਣ ਵਾਲੇ ਸੰਜੂ ਗੁਪਤਾ ਨੇ ਇਸ ਬੀਤੇ ਐਤਵਾਰ ਵਾਟਰਲੂ ਸ਼ਹਿਰ ਵਿਚ ਹੋਈ '10 ਕਿਲੋਮੀਟਰ ਕਲਾਸਿਕ' ਵਿਚ ਭਾਗ ਲੈ ਕੇ ਇਸ 10 ਕਿਲੋਮੀਟਰ ਦੌੜ ਨੂੰ 1 ਘੰਟਾ 4 ਮਿੰਟ ਤੇ 5 ਸਕਿੰਟਾਂ ਵਿਚ ਸਫ਼ਲਤਾ ਪੂਰਵਕ ਸੰਪੰਨ ਕੀਤਾ।

ਇਸ ਦੌੜ ਵਿਚ 1000 ਤੋਂ ਵਧੇਰੇ ਦੌੜਾਕਾਂ ਨੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜਾਂ ਵਿਚ ਹਿੱਸਾ ਲਿਆ। ਇਸ ਵਿਚ ਬਿੱਬ ਨੰਬਰ 1565 ਨਾਲ ਦੌੜੇ 51 ਸਾਲਾ ਸੰਜੂ ਗੁਪਤਾ ਨੇ ਆਪਣੇ ਉਮਰ-ਵਰਗ 50-54 ਦੇ ਦੌੜਾਕਾਂ ਵਿੱਚੋਂ ਵੀਹਵਾਂ ਸਥਾਨ ਪ੍ਰਾਪਤ ਕੀਤਾ। ਉਹ ਵੱਖ-ਵੱਖ ਥਾਵਾਂ 'ਤੇ ਹੋਣ ਵਾਲੀਆਂ ਫ਼ੁੱਲ ਮੈਰਾਥਨ, ਹਾਫ਼ ਮੈਰਾਥਨ ਅਤੇ 10 ਕਿਲੋਮੀਟਰ ਦੌੜਾਂ ਵਿਚ ਭਾਗ ਲੈਂਦਾ ਹੈ ਅਤੇ ਲੱਗਭੱਗ ਹਰ ਦੌੜ ਵਿਚ ਆਪਣੇ ਪਿਛਲੇ ਰਿਕਾਰਡ ਵਿਚ ਸੁਧਾਰ ਕਰ ਰਿਹਾ ਹੈ। ਬਰੈਂਪਟਨ ਵਿਚ ਚੱਲ ਰਹੀ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੂੰ ਆਪਣੇ ਇਸ ਨੌਜੁਆਨ ਦੌੜਾਕ ਸਾਥੀ ਉੱਪਰ ਭਵਿੱਖ ਵਿਚ ਬਹੁਤ ਕੁਝ ਕਰਨ ਦੀਆਂ ਆਸਾਂ ਹਨ।




## ਹੱਥ ਪੈਰ ਜ਼ੰਜੀਰ ਨਾਲ ਬੰਨ੍ਹ ਕੇ ਸਟੰਟ ਕਰਨ ਨਦੀ ਵਿੱਚ ਕੁੱਦਿਆ ਜਾਦੂਗਰ ਜਾਨ ਗਵਾ ਬੈਠਾ

ਕੋਲਕਾਤਾ, 18 ਜੂਨ (ਪੋਸਟ ਬਿਊਰੋ)- ਲੋਕਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਇੱਕ ਜਾਦੂਗਰ ਸਟੰਟ ਵਿੱਚ ਨਾਕਾਮ ਰਹਿਣ 'ਤੇ ਐਤਵਾਰ ਨੂੰ ਇਥੇ ਗੰਗਾ ਨਦੀ ਵਿੱਚ ਡੁੱਬ ਗਿਆ।

ਪੁਲਸ ਨੇ ਦੱਸਿਆ ਕਿ ਜਾਦੂਗਰ ਚੰਚਲ ਲਾਹਿੜੀ ਆਪਣੇ ਹੱਥ ਪੈਰ ਜ਼ੰਜੀਰ ਨਾਲ ਬੰਨ੍ਹ ਕੇ ਕ੍ਰੇਨ ਦੀ ਮਦਦ ਨਾਲ ਨਦੀ ਵਿੱਚ ਚਲਾ ਗਿਆ। ਉਹ ਲੋਕਾਂ ਨੂੰ ਦਿਖਾਉਣਾ ਚਾਹੁੰਦਾ ਸੀ ਕਿ ਉਹ ਬਿਨਾਂ ਕਿਸੇ ਮਦਦ ਦੇ ਪਾਣੀ 'ਚੋਂ ਬਾਹਰ ਆ ਸਕਦਾ ਹੈ, ਪਰ ਅਜਿਹਾ ਹੋ ਨਾ ਸਕਿਆ। ਨਦੀ ਵਿੱਚ ਉਤਰਨ ਦੇ ਬਾਅਦ ਤੋਂ ਹੀ ਉਹ ਲਾਪਤਾ ਹੈ। ਉਨ੍ਹਾਂ ਨੇ ਦੱਸਿਆ ਕਿ ਹਾਦਸਾ ਨਾਰਥ ਪੋਰਟ ਪੁਲਸ ਥਾਣਾ ਖੇਤਰ ਦੇ ਤਹਿਤ ਹਾਵੜਾ ਪੁਲ ਦੇ ਹੇਠਾਂ ਹੋਇਆ। ਪੁਲਸ ਨੇ ਆਫਤ ਪ੍ਰਬੰਧਨ ਵਿਭਾਗ ਦੀ ਮਦਦ ਨਾਲ ਲਾਹਿੜੀ ਦਾ ਪਤਾ ਲਗਾਉਣ ਦੇ ਲਈ ਮੁਹਿੰਮ ਸ਼ੁਰੂ ਕੀਤੀ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਜਾਦੂਗਰ ਨੇ ਸਟੰਟ ਕਰਨ ਦੀ ਮਨਜ਼ੂਰੀ ਲਈ ਸੀ, ਪ੍ਰੰਤੂ ਉਥੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਨਹੀਂ ਸਨ।

## ਬਿਹਾਰ ਵਿੱਚ 82 ਬੱਚਿਆਂ ਦੀ ਮੌਤ ਦੇ ਕੇਸ ਵਿੱਚ ਸਿਹਤ ਮੰਤਰੀ ਡਾਕਟਰ ਹਰਸ਼ਵਰਧਨ ਵੀ ਨਾਮਜ਼ਦ

ਪਟਨਾ, 18 ਜੂਨ (ਪੋਸਟ ਬਿਊਰੋ)- ਮੁਜ਼ੱਫਰਪੁਰ ਜ਼ਿਲ੍ਹੇ ਦੀ ਇੱਕ ਅਦਾਲਤ ਵਿੱਚ ਕੱਲ੍ਹ ਕੇਂਦਰੀ ਸਿਹਤ ਮੰਤਰੀ ਡਾਕਟਰ ਹਰਸ਼ਵਰਧਨ ਅਤੇ ਬਿਹਾਰ ਦੇ ਸਿਹਤ ਮੰਤਰੀ ਮੰਗਲ ਪਾਂਡੇ ਦੇ ਵਿਰੁੱਧ ਇੱਕ ਮਾਮਲਾ ਦਾਇਰ ਕੀਤਾ ਗਿਆ ਹੈ। ਇਨ੍ਹਾਂ 'ਤੇ ਅਕਿਊਟ ਇੰਸੀਫੇਲਾਈਟਿਸ ਸਿੰਡਰੋ (ਏ ਈ ਐਲ) ਨਾਲ ਬੀਤੇ



ਪੰਦਰਵਾੜੇ ਵਿੱਚ ਲਾਪਰਵਾਹੀ ਵਰਤਣ ਦੇ ਕਾਰਨ 82 ਬੱਚਿਆਂ ਦੀ ਮੌਤ ਦਾ ਦੋਸ਼ਲਾਇਆ ਗਿਆ ਹੈ। ਸਮਾਜਕ ਵਰਕਰ ਤਮੰਨਾ ਹਾਸ਼ਮੀ ਨੇ ਮੁਜ਼ੱਫਰਪੁਰ ਚੀਫ ਜੁਡੀਸ਼ਲ ਮੈਜਿਸਟਰੇਟ (ਸੀ ਜੇ ਐੱਮ) ਦੀ ਅਦਾਲਤ ਵਿੱਚ ਕੱਲ੍ਹ ਕੇਸ ਦਾਇਰ ਕੀਤਾ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਰਸ਼ਵਰਧਨ ਅਤੇ ਮੰਗਲ ਪਾਂਡੇ ਏ ਈ ਐਸ ਕਰੋਪੀ ਨੂੰ ਕੰਟਰੋਲ ਕਰਨ ਦੀ ਆਪਣੀ ਡਿਊਟੀ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਏ ਈ ਐਸ ਨਾਲ ਬੱਚਿਆਂ ਦੀ ਸਾਲਾਂ ਤੋਂ ਮੌਤ ਦੇ ਬਾਵਜੂਦ ਇਨ੍ਹਾਂ ਦੋਵਾਂ ਨੇ ਪ੍ਰਭਾਵਤ ਖੇਤਰਾਂ ਵਿੱਚ ਲੋਕਾਂ ਵਿੱਚ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਲਈ ਕੁਝ ਨਹੀਂ ਕੀਤਾ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ 24 ਜੂਨ ਦੀ ਤਰੀਕ ਤੈਅ ਕੀਤੀ ਹੈ।

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ


Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

# ਸੰਤ ਬਾਬਾ ਨਿਰੰਜਨ ਸਿੰਘ ਮੋਹੀ ਵਾਲਿਆਂ ਦੀ ਸਾਲਾਨਾ ਬਰਸੀ 7 ਜੁਲਾਈ ਨੂੰ



ਸੰਤ ਨਰਿੰਜਨ ਸਿੰਘ ਜੀ ਮੋਹੀ ਵਾਲੇ ਬਹੁ ਪੱਖੀ ਸਖਸ਼ੀਅਤ ਦੇ ਮਾਲਕ ਸਨ ਜਿਨ੍ਹਾਂ ਨੇ ਆਪਣੇ ਸਮਿਆਂ ਵਿੱਚ ਸਮਾਜ ਦੇ ਹਰ ਖੇਤਰ ਵਿੱਚ ਮਨੁੱਖੀ ਜੀਵਨ ਨੂੰ ਉਚਾ ਚੁੱਕਣ ਤੇ ਚੰਗਾ ਬਣਾਉਣ ਲਈ ਆਪਣਾਂ ਵਡਮੁੱਲਾ ਯੋਗਦਾਨ ਪਾਇਆ 1947ਨੂੰ ਦੇਸ਼ ਦੇ ਅਜਾਦ ਹੋਣ ਦੇ ਨਾਲ ਹੀ ਪੰਜਾਬ ਦੀਆਂ ਵੰਡੀਆਂ ਪੈ ਗਈਆਂ ।ਬਟਵਾਰੇ ਨੇ ਲਖਾਂ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਤੇ ਦੋਵੇਂ ਪਾਸੇ ਅਣਗਿਣਤ ਮਨੁੱਖੀ ਜਾਨਾਂ ਅਜਾਈਂ ਚਲੀਆ ਗਈਆਂ ।ਸੰਤ ਨਿਰੰਜਨ ਸਿੰਘ ਮੋਹੀ ਵਾਲੇ ਉਸ ਸਮੇ ਪਾਕਿਸਤਾਨ ਦੇ ਮਿੰਟਗੁਮਰੀ ਜਿਲੇ ਵਿਚ ਅਜੀਤ ਸਰ ਖਾਲਸਾ ਸਕੂਲ ਚਲਾ ਰਹੇ ਸਨ।ਉਹਨਾਂ ਨੂੰ ਵੀ ਸਾਰਾ ਕੁਝ ਪਿਛੇ ਛੱਡ ਕੇ ਪੰਜਾਬ ਆਉਣਾ ਪਿਆ।ਉਹਨਾਂ ਅਗਵਾਈ ਕਰਦਿਆਂ, ਹਜਾਰਾਂ ਦੀ ਗਿਣਤੀ ਵਿੱਚ ਰਿਫੂਜੀਆਂ ਨੂੰ ਬਾਰਡਰ ਪਾਰ ਕਰਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਤੇ ਆਪ ਆਪਣੀ ਜਨਮ ਭੂਮੀ ਮੋਹੀ ਪਿੰਡ ਵਿੱਚ ਪਹੁੰਚ ਗਏ ।

'ਫੈਲੇ ਵਿਦਿਆ ਚਾਨਣ ਹੋਏ', ਦੇ ਸਧਾਤ ਤੇ ਅਮਲ ਕਰਦਿਆਂ ਬਿਨਾਂ ਕੋਈ ਸਮਾ ਗਵਾਇਆ, ਉਹਨਾਂ ਨੇ 1948 ਵਿੱਚ ਮੋਹੀ ਪਿੰਡ ਵਿੱਚ ਦਸਵੀਂ ਜਮਾਤ ਤਕ ਲੜਕੇ ਲੜਕੀਆਂ ਦਾ ਸਕੂਲ ਸ਼ੁਰੂ ਕਰ ਦਿੱਤਾ ।ਉਸਤੋਂ ਪਹਿਲਾਂ ਮੋਹੀ ਪਿੰਡ ਦੇ ਲੜਕੇ 6 ਕਿਲੋਮੀਟਰ ਦੂਰ ਸੁਧਾਰ ਸਕੂਲ ਵਿੱਚ ਪੜ੍ਹਦੇ ਸਨ ਤੇ ਪਿੰਡ ਦੀਆਂ ਲੜਕੀਆਂ ਅਨਪੜ੍ਹ ਰਹਿ ਜਾਂਦੀਆਂ ਸਨ ।ਇਸਤੋਂ ਥੋੜ੍ਹਾ ਸਮੇ ਪਿਛੋ ਹੀ ਉਹਨਾਂ ਨੇ ਲੋਕਾਂ ਤੇ ਦਾਨੀਆਂ ਨੂੰ ਪ੍ਰੇਰ ਕੇ ਪਿੰਡ ਜਾਗਪੁਰ ,ਮੁੱਲਾਂਪੁਰ,ਤੇ ਰਾਏਕੋਟ ਤੇ ਫਿਰ ਮਸਤੂਆਣਾ ਸਾਹਿਬ ਵਿਖੇ ਵੀ ਖਾਲਸਾ ਹਾਈ ਸਕੂਲ ਸ਼ੁਰੂ ਕਰ ਦਿੱਤੇ। ਇਸ ਤਰਾਂ ਸੰਤ ਬਾਬਾ ਨਿਰੰਜਨ ਸਿੰਘ ਦੇ ਯਤਨਾਂ ਸਦਕਾ ਇਸ ਪਛੜੇ ਹੋਏ ਪੇਂਡੂ ਖੇਤਰ ਵਿੱਚ ਵਿਦਿਅਕ ਇਨਕਲਾਬ ਆ ਗਿਆ।ਹਜਾਰਾਂ ਦੀ ਗਿਣਤੀ ਵਿੱਚ ਇਹਨਾਂ ਸਕੂਲਾਂ ਤੋ ਪੜੇ ਹੋਏ ਵਿਦਿਆਰਥੀ ਹਰ ਖੇਤਰ ਵਿੱਚ ਉਚ ਕੋਟੀ ਦੀਆਂ ਪਦਵੀਆਂ ਪਰਾਪਤ ਕਰਨ ਵਿੱਚ ਕਾਮਯਾਬ ਰਹੇ।ਸੰਤ ਬਾਬਾ ਨਿਰੰਜਨ ਸਿੰਘ ਮੋਹੀ ਵਾਲੇ ਇਕ ਦੂਰਦਰਸ਼ੀ ਸਖਸ਼ੀਅਤ ਸਨ ਤੇ ਅਜ ਦੇ ਸਮੇਂ ਦੇ ਬਹੁਤੇ ਸੰਤਾਂ ਤੋਂ ਵਖਰੇ ਸਨ ਉਹ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਸਨ।ਲੋਕ ਭਲਾਈ ਤੇ ਪੇਂਡੂ ਇਲਾਕਿਆਂ ਵਿੱਚ ਵਿਦਿਆ ਦਾ ਪਸਾਰ ਕਰਨਾ ਉਹਨਾਂ ਦਾ ਵਿਜਨ ਸੀ।

10 ਜੁਲਾਈ 1965 ਨੂੰ ਮੋਹੀ ਪਿੰਡ ਵਿੱਚ ਉਹਨਾਂ ਨੇ ਸੁਆਸ ਤਿਆਗ ਦਿਤੇ। ਟਰਾਂਟੋ ਖੇਤਰ ਵਿੱਚ ਰਹਿ ਰਹੇ ਮੋਹੀ ਤੇ ਇਲਾਕਾ ਨਿਵਾਸੀ ਹਰ ਸਾਲ ਦੀ ਤਰਾਂ ਉਹਨਾ ਦੀ ਨਿਸ਼ਕਾਮ ਸੇਵਾ ਨੂੰ ਯਾਦ ਕਰਨ ਲਈ ਉਹਨਾਂ ਦੀ ਬਰਸੀ ਮਨਾਉਂਦੇ ਹਨ ।ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ ਕਿ ਕਿਵੇ ਨਿੱਜ ਤੋਂ ਉੱਪਰ ਉੱਠ ਕੇ ਸਾਰਿਆਂ ਦੇ ਸਹਿਯੋਗ ਨਾਲ ਲੋਕ ਭਲਾਈ ਦੇ ਕੰਮ ਕਰਦੇ ਹੋਏ ਅਸੀਂ ਸਮਾਜ ਦੇ ਹਰ ਖੇਤਰ ਵਿੱਚ ਵਿਚ ਆਪਣਾ ਯੋਗਦਾਨ ਪਾ ਸਕਦੇ ਹਾ

5ਜੁਲਾਈ ਦਿਨ ਸ਼ੁਕਰਵਾਰ ਨੂੰ ਸਵੇਰੇ 9ਵਜੇ ਅਖੰਡ ਪਾਠ ਸਾਹਿਬ ਗੁਰਦਵਾਰੇ ਰੀਗਨ ਰੋਡ ਵਿਖੇ ਅਰੰਭ ਕੀਤੇ ਜਾਣਗੇ ਤੇ 7ਜੁਲਾਈ ਐਤਵਾਰ ਨੂੰ ਸਵੇਰੇ 9 - 30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕਥਾ ਕੀਰਤਨ ਦਾ ਪ੍ਰਵਾਹ ਚਲੇਗਾ ਤੇ ਸਾਰੀ ਸਮਾਪਤੀ 12 ਵਜੇ ਹੋਵੇਗੀ। ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਆਪਣੀ ਹਾਜਰੀ ਜਰੂਰ ਲਵਾਉਣ ।

ਹੋਰ ਜਾਣਕਾਰੀ ਲਈ ਰਸਾਲਦਾਰ ਮੇਜਰ ਹਰਨੇਕ ਸਿੰਘ ਮੋਹੀ ਨਾਲ 905 915 1301 ਤੇ ਸੰਪਰਕ ਕੀਤਾ ਸਕਦਾ ਹੈ ।

ਵਲੋਂ ਰਣਜੀਤ ਸਿੰਘ (ਕਾਕਾ ਮੋਹੀ) 647 330 9800

# ਕਿਸ਼ਤੀ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰ ਨਾਲ ਡਿਪਟੀ ਕਮਿਸ਼ਨਰ ਨੇ ਦੁੱਖ ਸਾਂਝਾ ਕੀਤਾ

ਫਿਰੋਜ਼ਪੁਰ, 18 ਜੂਨ (ਗਿਆਨ ਸਿੰਘ): ਗੱਟੀ ਰਹੀਮੇ ਕੇ ਇਲਾਕੇ ਵਿਚ ਸਤਲੁਜ ਦਰਿਆ ਤੇ ਇੱਕ ਕਿਸ਼ਤੀ ਦੇ ਪਲਟਣ ਨਾਲ ਤਿੰਨ ਲੋਕਾਂ ਦੇ ਮਾਰੇ ਜਾਣ ਦੀ ਸੂਚਨਾ ਮਿਲਦੇ ਹੀ ਡਿਪਟੀ ਕਮਿਸ਼ਨਰ ਚੰਦਰ ਗੈਂਦ ਮੰਗਲਵਾਰ ਸਵੇਰੇ ਕਰੀਬ ਸਾਢੇ 7 ਵਜੇ ਪੀੜਿਤ ਪਰਿਵਾਰ ਦੇ ਘਰ ਪਹੁੰਚੇ। ਉਨ੍ਹਾਂ ਪਿੰਡ ਪਹੁੰਚ ਕੇ ਹਾਦਸੇ ਦੇ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਸ਼ੋਕ ਵਿਅਕਤ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੁੱਖ ਦੀ ਇਸ ਘੜੀ ਵਿਚ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪੀੜਿਤ ਪਰਿਵਾਰ ਦੇ ਨਾਲ ਹੈ। ਇਸ ਤੋਂ ਇਲਾਵਾ ਪਰਿਵਾਰ ਨੂੰ ਪ੍ਰਸ਼ਾਸਨ ਵੱਲੋਂ ਹਰ ਸੰਭਵ ਮੱਦਦ ਕੀਤੀ ਜਾਵੇਗੀ ਇਸ ਦਾ ਵੀ ਵਿਸ਼ਵਾਸ ਦਵਾਇਆ। ਉਨ੍ਹਾਂ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਇੱਥੇ ਦਰਿਆ ਪਾਰ ਕਰਨ ਲਈ ਇੱਕ ਪੁਲ ਦੀ ਜ਼ਰੂਰਤ ਨੂੰ ਸਮਝਦੇ ਹੋਏ ਇੱਕ ਪਲਟੂਨ ਪੁਲ ਬਣਾਉਣ ਦੀ ਸਿਫ਼ਾਰਿਸ਼ ਸਰਕਾਰ ਨੂੰ ਭੇਜਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਦਰਿਆ ਦੇ ਇੱਕ ਪਾਸੇ ਤੋ ਦੂਜੇ ਪਾਸੇ ਆਉਣ-ਜਾਣ ਲਈ ਕੁੱਝ ਪਿੰਡ ਦੇ ਲੋਕਾਂ ਨੂੰ ਕਿਸ਼ਤੀ ਦਾ ਇਸਤੇਮਾਲ ਕਰਨਾ ਪੈਂਦਾ ਹੈ, ਇਸ ਲਈ ਇੱਥੇ ਸਰਕਾਰ ਨੂੰ ਇੱਕ ਪਲਟੂਨ ਪੁਲ (ਫਲੋਟਿੰਗ ਬ੍ਰਿਜ) ਬਣਾਉਣ ਦੀ ਸਿਫ਼ਾਰਿਸ਼ ਭੇਜੀ ਜਾਵੇਗੀ ਤਾਂ ਜੋ ਦਰਿਆ ਦੇ ਦੋਵਾਂ ਪਾਸੇ ਵਸੇ ਪਿੰਡਾਂ ਦੇ ਲੋਕਾਂ ਨੂੰ ਆਉਣ-ਜਾਣ ਲਈ ਕੋਈ ਪਰੇਸ਼ਾਨੀ ਨਾ ਆਵੇ।



ਉਨ੍ਹਾਂ ਕਿਹਾ ਕਿ ਇਹ ਬੜਾ ਦੁਖਦ ਹਾਦਸਾ ਹੈ, ਜਿਸ ਵਿਚ ਇੱਕ ਹੀ ਪਰਿਵਾਰ ਦੇ ਤਿੰਨ ਲੋਕਾਂ ਦੀ ਜਾਨ ਚਲੀ ਗਈ ਹੈ। ਉਨ੍ਹਾਂ ਕਿਹਾ ਕਿ ਰਾਤ ਨੂੰ ਹਾਦਸੇ ਦਾ ਪਤਾ ਚੱਲਦਿਆਂ ਹੀ ਉਨ੍ਹਾਂ ਐਸ.ਡੀ.ਐਮ ਅਮਿਤ ਗੁਪਤਾ ਨੂੰ ਜ਼ਿਲ੍ਹਾ ਹਸਪਤਾਲ ਵਿਚ ਜ਼ਖਮੀਆਂ ਦਾ ਹਾਲਚਾਲ ਜਾਣਨ ਅਤੇ ਮ੍ਰਿਤਕਾਂ ਦੇ ਪਰਿਵਾਰ ਨਾਲ ਮੁਲਾਕਾਤ ਕਰਨ ਲਈ ਭੇਜ ਦਿੱਤਾ ਸੀ। ਸਵੇਰ ਹੁੰਦਿਆਂ ਹੀ ਉਹ ਖ਼ੁਦ ਪੀੜਿਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਖ਼ੁਦ ਉਨ੍ਹਾਂ ਦੇ ਘਰ ਪਹੁੰਚੇ।

# ਚੰਨੀ ਨੇ ਪੀੜਤ ਮੀਨਾ ਰਾਣੀ ਦਾ ਹਾਲ ਚਾਲ ਪੁੱਛਿਆ



ਫਰੀਦਕੋਟ, 18 ਜੂਨ (ਗਿਆਨ ਸਿੰਘ): ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਅੱਜ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਤ ਪੀੜਤ ਮੀਨਾ ਰਾਣੀ ਜਿਸ ਦੀ ਕੁਝ ਦਿਨ ਪਹਿਲਾਂ ਇਕ ਕੌਂਸਲਰ ਤੇ ਉਸ ਦੇ ਸਮਰੱਥਕਾਂ ਵੱਲੋਂ ਭਾਰੀ ਕੁੱਟ ਮਾਰ ਕੀਤੀ ਗਈ ਸੀ ਅਤੇ ਹੁਣ ਇਥੇ ਜੇਰੇ ਇਲਾਜ ਹੈ ਦਾ ਹਾਲ ਚਾਲ ਪੁੱਛਿਆ ਅਤੇ ਪੀੜਤ ਔਰਤ ਨੂੰ ਭਰੋਸਾ ਦਵਾਇਆ ਕਿ ਪੰਜਾਬ ਸਰਕਾਰ ਪੂਰੀ ਤਰ੍ਹਾਂ ਉਸ ਦੇ ਨਾਲ ਹੈ ਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।

ਚਰਨਜੀਤ ਸਿੰਘ ਚੰਨੀ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਇਸ ਘਿਨੌਣੀ ਘਟਨਾ ਤੇ ਤੁਰੰਤ ਐਕਸ਼ਨ ਲੈਂਦਿਆਂ ਪੁਲਿਸ ਵੱਲੋਂ ਇਸ ਸਬੰਧੀ ਘਟਨਾ ਵਿੱਚ ਸ਼ਾਮਲ ਕਥਿਤ ਦੋਸ਼ੀ ਕੌਂਸਲਰ ਸਮੇਤ ਹੁਣ ਤੱਕ 7 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਮੀਡੀਆ ਦੇ ਇਕ ਹਿੱਸੇ ਵਿੱਚ ਛੱਪੀਆ ਇਨ੍ਹਾਂ ਖਬਰਾਂ ਦਾ ਵੀ ਖੰਡਨ ਕੀਤਾ ਹੈ ਕਿ ਦੋਸ਼ੀ ਕੌਂਸਲਰ ਦਾ ਸਬੰਧ ਕਾਂਗਰਸ ਪਾਰਟੀ ਨਾਲ ਹੈ । ਉਨ੍ਹਾਂ ਕਿਹਾ ਕਿ ਕੌਂਸਲਰ ਦਾ ਸਬੰਧ ਕਾਂਗਰਸ ਪਾਰਟੀ ਨਾਲ ਨਹੀਂ ਹੈ ਉਹ ਆਜ਼ਾਦ ਤੌਰ ਤੇ ਜਿੱਤਿਆ ਹੈ । ਉਨ੍ਹਾਂ ਪੀੜਤ ਔਰਤ ਅਤੇ ਉਸ ਦੇ ਪਰਿਵਾਰ ਨੂੰ ਭਰੋਸਾ ਦਵਾਇਆ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਦੀ ਲੋੜ ਨਹੀਂ ਅਤੇ ਪੁਲਿਸ ਵੱਲੋਂ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਵੇਗੀ।

ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੀੜਤ ਮੀਨਾ ਰਾਣੀ ਦੇ ਇਲਾਜ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਮੌਕੇ ਤੇ ਹਾਜ਼ਰ ਡਾਕਟਰਾਂ ਨੂੰ ਆਦੇਸ਼ ਦਿੱਤੇ ਕਿ ਇਲਾਜ ਵਿਚ ਕਿਸੇ ਕਿਸਮ ਦੀ ਕਮੀ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਹਰੇਕ ਵਰਗ ਲਈ ਸਾਫ ਸੁੱਥਰਾ, ਪਾਰਦਰਸ਼ੀ ਤੇ ਭੈਅ ਮੁਕਤ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਤੇ ਰਾਜ ਦੇ ਕਿਸੇ ਵੀ ਵਸਨੀਕ ਨਾਲ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224






## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005


Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

ਸੰਪਾਦਕ ਨੂੰ ਪੱਤਰ

# ਆਓ ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ ਮਨਾਈਏ





ਜਸਵੰਤ ਸਿੰਘ ਕੰਵਲ 27 ਜੂਨ 2019 ਨੂੰ ਸੌ ਸਾਲਾਂ ਦਾ ਹੋ ਰਿਹੈ। ਹੋਰਨਾਂ ਭਾਸ਼ਾਵਾਂ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ ਜਿਸ ਨੇ ਅੱਸੀ ਵਰ੍ਹੇ ਲਗਾਤਾਰ ਲਿਖਿਆ ਹੋਵੇ ਤੇ ਸੌ ਸਾਲ ਦਾ ਜੀਵਨ ਜੀਵਿਆ ਹੋਵੇ। ਬਰਨਾਰਡ ਸ਼ਾਅ, ਬਰਟਰੰਡ ਰੱਸਲ ਤੇ ਖੁਸ਼ਵੰਤ ਸਿੰਘ ਜਿਹੇ ਨਾਮਵਰ ਲੇਖਕ ਸੈਂਚਰੀ ਮਾਰਦੇ ਮਾਰਦੇ ਰਹਿ ਗਏ ਸਨ। ਆਲੋਚਕ ਤੇ ਲੇਖਕ, ਸਭ ਮੰਨਦੇ ਹਨ ਕਿ ਕੰਵਲ ਨੇ ਪੰਜਾਬੀ 'ਚ ਸਭ ਤੋਂ ਵੱਧ ਪਾਠਕ ਪੈਦਾ ਕੀਤੇ। ਉਸ ਨੇ ਲੱਖਾਂ ਲਫ਼ਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨਾਂ ਦੀਆਂ ਨੋਟਬੁੱਕਾਂ ਉਤੇ ਚੜ੍ਹਦੇ ਰਹੇ। ਪੰਜਾਬੀਸਾਹਿਤ ਨੂੰ ਉਸ ਦੀ ਵੱਡਮੁੱਲੀ ਦੇਣ ਹੈ। ਚੰਗਾ ਹੋਵੇ ਜੇਜਨਮ ਸ਼ਤਾਬਦੀ ਮੌਕੇ ਕੰਵਲ ਦੇ ਜੀਵਨ ਤੇ ਰਚਨਾ ਬਾਰੇ ਸੈਮੀਨਾਰ ਹੋਣ ਅਤੇ ਅਖ਼ਬਾਰਾਂ ਵਿਚ ਵਿਸ਼ੇਸ਼ ਲੇਖ ਛਾਪੇ ਜਾਣ। ਕੰਵਲ ਨੇ ਚੜ੍ਹਦੀ ਜੁਆਨੀ 'ਚਮਲਾਇਆ ਦਾ ਚੌਕੀਦਾਰਾ ਕੀਤਾ। ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ ਦੀ ਕਲੱਰਕੀ ਕੀਤੀ।ਫਿਰ ਕਿਰਸਾਣੀ ਕਰਦਿਆਂ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਢੁੱਡੀਕੇ ਵਿਚ ਉੱਚ ਸਿੱਖਿਆ ਤੇ ਸਿਹਤ ਦੇ ਅਦਾਰੇ ਬਣਵਾ ਕੇ ਪਿੰਡ ਦਾ ਮਿਸਾਲੀ ਵਿਕਾਸ ਕੀਤਾ। ਉਹ ਭਾਸ਼ਾ ਵਿਭਾਗ ਪੰਜਾਬ ਦਾ ਸਲਾਹਕਾਰ, ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ, ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਤੇ ਸਰਪ੍ਰਸਤ ਰਿਹਾ। ਉਹਦੇ ਸਾਹਿਤ ਟ੍ਰੱਸਟ ਢੁੱਡੀਕੇ ਨੇ ਸੌ ਕੁ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਯਾਦਗਾਰੀ ਅਵਾਰਡ ਦਿੱਤੇ। ਕੰਵਲਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਤੇ ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਮੋਹਰੀ ਰਿਹਾ। ਉਸ ਨੇ ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਉਣ ਵਿਚ ਅਹਿਮ ਰੋਲ ਨਿਭਾਇਆ।

ਉਸ ਨੂੰ ਲਿਖਣ ਦੀ ਪ੍ਰੇਰਨਾ ਲੋਕਬਾਣੀ, ਗੁਰਬਾਣੀ, ਸੂਫੀਬਾਣੀਤੇ ਵਾਰਸ ਦੀ ਹੀਰ ਤੋਂ ਮਿਲੀ। ਉਹ ਪ੍ਰੋ. ਪੂਰਨ ਸਿੰਘ, ਟੈਗੋਰ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਵਰਗੇ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾ-ਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਤੇ ਭਾਰਤੀ ਸਾਹਿਤ ਅਕਾਡਮੀ ਨੇਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ। ਪੂਰਾ ਵੇਰਵਾਮੇਰੀ ਹੁਣੇ ਛਪੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੜ੍ਹਿਆ ਜਾ ਸਕਦੈ ਜੋ ਪੀਪਲਜ਼ ਫ਼ੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ। ਪ੍ਰਕਾਸ਼ਕ ਦਾ ਫੋਨ 01191-98729-89313 ਹੈ।

ਸਰਵਣ ਸਿੰਘ
principalsarwansingh@gmail.com

# ਬਾਬੂ ਰਜਬ ਅਲੀ ਦੀ ਪੰਜਾਬੀ ਸਾਹਿਤ ਨੂੰ ਦੇਣ

-ਅਜਮੇਰ ਸਿੰਘ-



ਬਾਬੂ ਰਜਬ ਅਲੀ ਦਾ ਕਵੀਸ਼ਰੀ ਸਿਰਜਣ ਕਾਲ 63 ਵਰ੍ਹਿਆਂ (1916-1979 ਈ) ਦਾ ਹੈ। ਇਸ ਵਿੱਚ ਉਸ ਨੇ ਛੋਟੀਆਂ ਵੱਡੀਆਂ 81 ਰਚਨਾਵਾਂ ਸਿਰਜੀਆਂ। ਇਨ੍ਹਾਂ ਵਿੱਚ 56 ਘੱਟੋ-ਘੱਟ ਇਕ ਅਖਾੜੇ ਜੋਗੀਆਂ ਅਤੇ 25 ਲਘੂ ਆਕਾਰ ਦੀਆਂ ਰਚਨਾਵਾਂ ਹਨ। ਬਾਬੂ ਜੀ ਨੇ ਆਪਣੀ ਪਹਿਲੀ ਰਚਨਾ ਹੀਰ 1916 ਈ. ਵਿੱਚ ਲਿਖੀ ਅਤੇ ਅੰਤਲੀ ਕਵਿਤਾ 'ਰਜਬ ਅਲੀ ਤੂੰ ਰੋਜ਼ ਉਡੀਕ ਰੱਖੀਂ, ਤੈਨੂੰ ਆਵਣੀ ਮੌਤ ਦੀ ਤਾਰ ਬੀਬਾ' ਆਪਣੀ ਮੌਤ ਤੋਂ ਕੇਵਲ ਪੰਜ ਦਿਨ ਪਹਿਲਾਂ ਲਿਖੀ।

ਬਾਬੂ ਜੀ ਨੇ ਆਪਣਾ ਸਾਰਾ ਜੀਵਨ ਕਵੀਸ਼ਰੀ ਸਿਰਜਣਾ ਨੂੰ ਅਰਪਿਤ ਕੀਤਾ। ਜਦੋਂ ਉਹ ਨਹਿਰ ਦੇ ਮਹਿਕਮੇ ਦੇ ਓਵਰਸੀਅਰ ਸੀ ਤਾਂ ਉਸ ਦਾ ਸਾਰਾ ਧਿਆਨ ਕਵੀਸ਼ਰੀ ਨਾਲ ਜੁੜਿਆ ਰਿਹਾ। ਨੌਕਰੀ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਪਿਛਲੇ 35 ਸਾਲ ਉਸ ਨੇ ਕਾਵਿ ਸਿਰਜਣਾ ਨੂੰ ਅਰਪਿਤ ਕੀਤੇ। ਉਸ ਨੇ ਕਈ ਰਚਨਾਵਾਂ ਨੂੰ ਛੰਦ ਬਦਲ ਕੇ ਦੋ, ਤਿੰਨ, ਚਾਰ, ਪੰਜ ਵਾਰ ਲਿਖਿਆ, ਜਿਵੇਂ 'ਸੀਤਾ ਦੀ ਭਾਲ' ਪੰਜ ਵੇਰ, 'ਵਿਰਾਟ ਪਰਬ', 'ਜਾਨੀ ਚੋਰ' ਚਾਰ ਵੇਰ, 'ਸਾਕਾ ਸਰਹੰਦ', 'ਕੌਲਾਂ' ਤਿੰਨ ਵੇਰ, 'ਨਲ ਦਮਯੰਤੀ', 'ਸੰਮਣ ਮੂਸਣ', 'ਬਿਧੀ ਚੰਦ ਦੇ ਘੋੜੇ', 'ਬਿਧੀ ਚੰਦ ਦੇ ਦੋਸ਼ਾਲੇ', 'ਸ਼ਹੀਦੀ ਬਾਬਾ ਦੀਪ ਸਿੰਘ', 'ਦੌਰਾ ਗੁਰੂ ਗੋਬਿੰਦ ਸਿੰਘ', 'ਹਸਨ ਹੁਸੈਨ' ਅਤੇ 'ਦੁੱਲਾ ਭੱਟੀ' ਨੂੰ ਦੋ ਵੇਰ ਲਿਖਿਆ। ਬਾਬੂ ਰਜਬ ਅਲੀ ਦਾ ਸਿਰਜਣ ਪ੍ਰਵਾਹ ਸਤਲੁਜ ਦਰਿਆ ਵਾਂਗ ਅਰੁਕ, ਅਡੋਲ ਤੇ ਸਹਿਜ ਸੁਭਾਅ ਚੱਲਦਾ ਰਿਹਾ ਅਤੇ ਬਾਬੂ ਜੀ ਦੀ ਕਵੀਸ਼ਰੀ ਸਿਰਜਣ ਕਾਲ ਵੀ ਸਤਲੁਜ ਦੇ ਵਹਿਣ ਵਾਂਗ ਹਿੰ-ਦੋਸਤਾਨ ਤੇ ਪਾਕਿਸਤਾਨ ਵਿੱਚ ਹੁਸੈਨੀਵਾਲਾ 'ਤੇ ਵੰਡਿਆ ਹੈ- 31 ਵਰ੍ਹੇ (1916-1947 ਈ.) ਹਿੰਦੋਸਤਾਨ ਵਿੱਚ ਅਤੇ 32 ਵਰ੍ਹੇ (1947-1979 ਈ.) ਪਾਕਿਸਤਾਨ ਵਿੱਚ।

ਰਜਬ ਅਲੀ ਨੂੰ ਮਾਣ ਪ੍ਰਾਪਤ ਹੈ ਕਿ ਉਸ ਨੇ ਘੱਟੋ-ਘੱਟ ਪੰਜ ਰਚਨਾਵਾਂ 'ਦੌਰਾ ਗੁਰੂ ਗੋਬਿੰਦ ਸਿੰਘ' (ਕਲੀਆਂ ਵਿੱਚ), 'ਹਰਨਾਮ ਕੌਰ ਦੀ ਬਹਾਦਰੀ', 'ਗੁਰਨਾਮ ਸਿੰਘ ਰਾਊਕੇ', 'ਸ਼ਹੀਦ ਭਗਤ ਸਿੰਘ' ਅਤੇ 'ਭੂੜ ਬਹਾਦਰ' ਪਹਿਲੀ ਵੇਰ ਰਚ ਕੇ ਪੰਜਾਬੀ ਮਾਂ ਦੀ ਝੋਲੀ ਨੂੰ ਭਰਪੂਰ ਕੀਤਾ। ਆਕਾਰ ਪੱਖੋਂ ਰਜਬ ਅਲੀ ਦੀ ਰਚਨਾ ਬਹੁਤ ਵਿਸ਼ਾਲ ਤੇ ਮਿਆਰ ਦੇ ਪੱਖੋਂ ਉਚੇਰੀ ਹੈ। 63 ਵਰ੍ਹਿਆਂ ਦੀ ਕਠਿਨ ਸਾਧਨਾ ਨਾਲ ਬਾਬੂ ਜੀ ਨੇ 2000 ਤੋਂ ਵਧੇਰੇ ਛੰਦਾਂ ਦੀ ਘਾੜਤ ਕੀਤੀ, ਜਿਸ ਨਾਲ ਸ਼ਬਦਾਂ ਦਾ ਸਮੁੰਦਰ ਇਕੱਤਰ ਹੋਇਆ ਹੈ। ਕਵੀਸ਼ਰੀ ਦੇ ਮਾਪ ਦੰਡ ਤੋਂ ਬਾਬੂ ਜੀ ਦੀ ਰਚਨਾ ਸਫਲ ਤੇ ਉਚ ਪਾਏ ਦੀ ਸਿੱਧ ਹੁੰਦੀ ਹੈ। ਉਸ ਦੀ ਕਵੀਸ਼ਰੀ ਸੈਂਕੜੇ ਵਾਰ ਅਖਾੜਿਆਂ ਵਿੱਚ ਗਾਈ ਜਾ ਚੁੱਕੀ ਹੈ।

ਬਾਬੂ ਰਜਬ ਨੇ ਪਹਿਲੀ ਵੇਰ ਪੰਜਾਬੀ ਸਾਹਿਤ ਨੂੰ 'ਬਾਬੂ ਚਾਲ' ਅਤੇ 'ਬਹੱਤਰ ਕਲਾ' ਵਰਗੇ ਛੰਦ ਇਜ਼ਾਦ ਕਰਕੇ ਦਿੱਤੇ। ਬਾਬੂ ਜੀ ਪਿੰਗਲ ਦਾ ਧੰਨੀ ਤੇ ਛੰਦ ਦਾ ਉਸਤਾਦ ਸੀ। ਉਸ ਨੇ ਆਪ ਵੀ ਪਿੰਗਲ ਰਚਿਆ। ਬਾਬੂ ਜੀ ਹਜ਼ਰਤ ਵਾਂਗ ਲੋਹੇ ਵਰਗੇ ਸ਼ਬਦਾਂ ਨੂੰ ਆਪਣੇ ਖਿਆਲਾਂ ਦੀ ਛੋਹ ਨਾਲ ਮੋਮ ਵਾਂਗ ਢਾਲ ਕੇ ਛੰਦ ਅਤੇ ਨਵੀਆਂ ਤਰਜ਼ਾਂ ਵਿੱਚ ਢਾਲ ਲੈਂਦੇ ਸਨ। ਬਾਬੂ ਰਜਬ ਅਲੀ ਤੇ ਉਸ ਦੇ ਕਲਾਮ ਦੀ ਬਹੁਤ ਵੱਡੀ ਖੂਬੀ ਹੈ ਕਿ ਉਹ ਧਾਰਮਿਕ ਸੰਕੀਰਣਤਾ ਤੋ ਬੇਲਾਗ ਅਤੇ ਬਹੁਤ ਉਚੇਰਾ ਹੈ। ਬਾਬੂ ਸ਼ਾਇਰ ਹੈ। ਬਾਬੂ ਆਰਿਫ ਹੈ। ਸ਼ਾਇਰਾਂ ਤੇ ਆਰਿਫਾਂ ਦਾ ਕੋਈ ਧਰਮ ਨਹੀਂ ਹੁੰਦਾ, ਉਹ ਕੇਵਲ ਇਨਸਾਨੀਅਤ ਨੂੰ ਮੰਨਦੇ ਹਨ। ਬਾਬੂ ਲਿਖਦਾ ਹੈ:

ਜੁਦਾ ਕੌਮਾਂ ਸਿੱਖ ਤੇ ਮੁਸਲਮੀਨ ਜੀ।
ਪਰ ਆਰਿਫਾਂ ਦਾ ਇਕੋ ਹੁੰਦਾ ਦੀਨ ਜੀ।
(ਸ਼ਹੀਦੀ: ਗੁਰੂ ਅਰਜਨ ਦੇਵ)

ਬਾਬੂ ਤਿੰਨ ਕੌਮਾਂ ਦਾ ਸਾਂਝਾ ਸ਼ਾਇਰ ਹੈ, 'ਸਿਆਣੇ ਸਮਝਣ ਉਹਨੂੰ ਅੱਛਾ, ਜਿਹੜਾ ਸ਼ਾਇਰ ਨਜ਼ਮ ਬਣਾਏ ਸਾਂਝੀ, ਸੁਣਨ ਤਿੰਨ ਕੌਮਾਂ।' ਜੇ ਲੋਕ ਭਟਕ ਜਾਣ ਤਾਂ ਉਹ ਕਵੀਸ਼ਰ ਦਾ ਇਹ ਫਰਜ਼ ਸਮਝਦਾ ਹੈ ਕਿ ਉਨ੍ਹਾਂ ਨੂੰ ਸਿੱਧੇ ਰਾਹ ਮੋੜੇ, 'ਫਿਰ ਫਰਜ਼ ਕਵੀਸ਼ਰ ਦਾ, ਭੁੱਲੇ ਜਾਣ ਲੋਕ ਸਿੱਧੇ ਰਾਹ ਮੋੜੇ।' ਬਾਬੂ ਜੀ ਦੇ ਚੇਲੇ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਸਨ। ਬਾਬੂ ਜੀ ਦਾ ਉਸਤਾਦ ਸਿੱਖ ਕਵੀਸ਼ਰ ਮਾਨ ਸਿੰਘ ਸੀ। ਬਾਬੂ ਜੀ ਨੇ ਪਾਕਿਸਤਾਨ ਵਿੱਚ ਬੈਠ ਕੇ ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਉਭਰਵੀਆਂ ਰਚਨਾਵਾਂ ਲਿਖੀਆਂ। ਵਗਦੀ ਹਨੇਰੀ ਸਾਹਮਣੇ ਆਪਣੀ ਵਿਚਾਰਧਾਰਾ ਤੇ ਪ੍ਰੇਮ ਦਾ ਦੀਵਾ ਬਾਲਣਾ ਆਸਾਨ ਕੰਮ ਨਹੀਂ, ਪਰ ਬਾਬੂ ਜੀ ਨੇ ਆਪਣੇ ਜਿਗਰ ਦੇ ਖ਼ੂਨ ਨਾਲ ਇਸ ਦੀਵੇ ਨੂੰ ਜਗਦਾ ਰੱਖਿਆ। ਬਾਬੂ ਜੀ ਨੇ ਕੇਵਲ ਚਾਰ ਇਸਲਾਮੀ ਪ੍ਰਸੰਗ ਲਿਖੇ। ਬਾਬੂ ਰਜਬ ਅਲੀ ਨੇ ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਰਚਨਾਵਾਂ ਨੂੰ ਪੂਰੀ ਨਿਸ਼ਠਾ ਤੇ ਪ੍ਰੇਮ ਨਾਲ ਲਿਖਿਆ ਹੈ। ਉਸ ਨੇ ਗੁਰੂ ਸਾਹਿਬਾਨ ਤੇ ਸੁਰਸਤੀ ਦੇ ਮੰਗਲ ਗਾਏ ਹਨ। ਬਾਬੂ ਜੀ ਦੀਆਂ ਸਭ ਤੋਂ ਕਲਾਤਮਿਕ ਤੇ ਪੱਕੀਆਂ ਰਸੀਲੀਆਂ ਰਚਨਾਵਾਂ ਸਿੱਖ ਇਤਿਹਾਸ ਜਾਂ ਹਿੰਦੂ ਮਿਥਿਹਾਸ ਦੇ ਨਾਲ ਸਬੰਧਤ ਹਨ। ਇਥੇ ਇਹ ਗੱਲ ਕਰਨੀ ਵਿਸ਼ੇਸ਼ ਤੌਰ 'ਤੇ ਜ਼ਰੂਰੀ ਹੈ ਕਿ ਬਾਬੂ ਜੀ ਨੇ ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਵਧੇਰੇ ਰਚਨਾਵਾਂ ਪਾਕਿਸਤਾਨ ਵਿੱਚ ਬੈਠ ਕੇ ਲਿਖੀਆਂ।

ਬਾਬੂ ਰਜਬ ਅਲੀ ਹਿੰਦੋਸਤਾਨ ਦੀ ਫਿਰਕੂ ਵੰਡ ਦਾ ਵਿਰੋਧੀ ਸੀ। ਉਹ ਇਸ ਨੂੰ ਅੰਗਰੇਜ਼ ਦੀ ਚਾਲ ਆਖਦਾ ਹੈ। ਉਸ ਦਾ ਦਿਲ ਪਾਟਦਾ ਹੈ ਕਿ ਹਿੰਦੋਸਤਾਨ ਤੇ ਪਾਕਿਸਤਾਨ ਦੇ ਸਿਆਸੀ ਆਗੂ ਅੰਗਰੇਜ਼ ਦੀ ਸਿਆਸਤ ਦਾ ਸਹੀ ਉਤਰ ਨਹੀਂ ਦੇ ਸਕੇ, ਜਿਸ ਕਰਕੇ ਸਿਆਸਤ ਨਾਲ ਆਮ ਮਨੁੱਖ ਦਾ ਕਤਲੇਆਮ ਹੋਇਆ ਤੇ ਧੀਆਂ ਭੈਣਾਂ ਦੀ ਬੇਇੱਜ਼ਤੀ ਹੋਈ। ਬਾਬੂ ਜੀ 'ਭੂੜ ਬਹਾਦਰ' ਵਿੱਚ ਉਨ੍ਹਾਂ ਸਰਦਾਰਾਂ (ਰੂਪ ਸਿੰਘ ਆਦਿ) ਦੀ ਨਾਇਕ ਦੇ ਤੌਰ 'ਤੇ ਉਸਤਤ ਕਰਦਾ ਹੈ, ਜਿਨ੍ਹਾਂ ਨੇ ਮੁਸਲਮਾਨ ਕੁੜੀ ਨੂੰ ਲੁਟੇਰੇ ਤੋਂ ਛੁਡਾਇਆ ਅਤੇ ਭੈਣ ਬਣਾ ਕੇ ਸਹੀ ਸਲਾਮਤ ਪਾਕਿਸਤਾਨ ਵਿੱਚ ਪਹੁੰਚ-ਾਇਆ।

ਸਬਜ਼ ਸ਼ਹਿਰੋਂ ਜਾ ਕੇ ਲੱਭ ਲੀ ਸ਼ਾਹ ਬਹਿਰਾਮ ਨੇ,
ਇਹ ਤੇ ਹੁਸਨਬਾਨੋ ਜਾਣੀ ਸਕੀਆਂ ਭੈਣਾਂ।
ਕਮਲੀ ਸੇਜ ਉਤੇ ਛਿੜਕਿਆ ਅਤਰ ਸ਼ੁਕੀਨਣ ਨੇ,
ਨਾਜ਼ੁਕ ਫੁੱਲ ਦੀਆਂ ਪੱਤੀਆਂ ਜੀ ਸਿੱਟ ਕੇ ਨਿੱਤ ਪੈਣਾਂ।
ਮਦ ਦੀ ਬੋਤਲ ਨਹਿਣਾ ਭਰ ਕੇ ਧਰ ਲੀ ਸੇਜ 'ਤੇ,
ਬਾਬੂ ਦਾਰੂ ਪੀ ਲਾ ਬਹਿ ਫੌਜੀ ਲਫਟਾਇਣਾਂ।

ਕਲੀ ਦਾ ਛੰਦ ਦਰਦ ਦੇ ਅਹਿਸਾਸ ਦੇ ਪ੍ਰਗਟਾਵੇ ਲਈ ਢੁਕਵਾਂ ਹੈ। ਹੀਰ ਆਪਣਾ ਦੁਖੜਾ ਇਸ ਤਰ੍ਹਾਂ ਰੋਂਦੀ ਹੈ:

ਹੀਰ ਸੱਦ ਕੇ ਕੋਲੇ ਅਰਜ਼ਾਂ ਕਰਦੀ ਚਾਕ ਦੀਆਂ,
ਇੰਞਾਂ ਗਿਰ ਕੇ ਲਗੀਆਂ ਸੀ ਕੁੜਤੀ ਪਰ ਪਾਲਾਂ।
ਮੈਂ ਨਾ ਬਚਦੀ ਮੈਨੂੰ ਚੱਕ ਵੱਢ-ਵੱਢ ਖਾਣ ਗੀਆਂ,
ਖੇੜੀਂ ਰਹਿਣ ਰਾੜਿਆਂ ਵੇ ਭੁੱਖੀਆਂ ਸਰਾਲਾਂ।

'ਕਲੀਆਂ ਵਾਲੀ ਹੀਰ' ਰਜਬ ਅਲੀ ਦੀ ਪ੍ਰਤੀਨਿਧ ਰਚਨਾ ਹੈ, ਜੋ ਉਸ ਦੇ ਕਾਵਿ ਗੁਣਾਂ ਨੂੰ ਪ੍ਰਗਟ ਕਰਦੀ ਹੈ।

# ਬਦਲਦਾ ਇਨਸਾਨ

ਪਾਉਣੇ ਤਾਂ ਦਿਲਾਂ ਵਿੱਚ ਪੁਲ ਸੀ ਪਿਆਰਾਂ ਦੇ,
ਬੰਦਿਆਂ ਤੂੰ ਵਿੱਚ ਨਫ਼ਰਤੀ ਕੰਧਾਂ ਕਰ ਲਈਆਂ।
ਹੱਡ ਮਾਸ ਦਾ ਢਾਂਚਾ ਬਸ ਰਿਹਾ ਇਨਸਾਨ ਨਾ,
ਕਿਰਦਾਰਾਂ ਵਿੱਚ ਮਤਲਬੀ ਦੁਰਗੰਧਾਂ ਕਰ ਲਈਆਂ।

ਹੁਣ ਵੇਖ ਕੇ ਦੁੱਖ ਕਿਸੇ ਦਾ ਹਉਕਾ ਜਿਹਾ ਭਰਦਾ ਨਾ,
ਮੁਨਾਫ਼ੇ ਲਈ ਕਿਸੇ ਦਾ ਹੱਕ ਖੋਹਣ ਤੋਂ ਵੀ ਡਰਦਾ ਨਾ,
ਮਕਾਨ ਵੱਡੇ ਆਲੀਸ਼ਾਨ ਦਿਲ ਭੀੜੇ ਜਿਹੇ ਹੋਈ ਜਾਂਦੇ,
ਕਮਜ਼ੋਰ ਭਾਈਚਾਰੇ ਦੀਆਂ ਤੂੰ ਤੰਦਾਂ ਕਰ ਲਈਆਂ।

ਦਾਨ-ਪੁੰਨ ਦੇ ਉਂਝ ਕਰਦੈਂ ਨਿੱਤ ਨਿੱਤ ਵਿਖਾਵੇ ਤੂੰ,
ਖੁਦ ਤੇ ਅਮਲ ਨਹੀਂ ਦੂਜਿਆਂ ਨੂੰ ਨਿੱਤ ਸਮਝਾਵੇ ਤੂੰ,
ਦਿਲ ਕਾਲੇ ਸਾਬਣ ਲਾ -ਲਾ ਪਿੰਡੇ ਚਮਕਾ ਲਏ ਨੇ,
ਇਤਰ -ਫਲੇਲਾਂ ਦੀਆਂ ਚੁਫ਼ੇਰੇ ਸੁਗੰਧਾਂ ਕਰ ਲਈਆਂ।

ਵਿਗਿਆਨ ਦੀਆਂ ਕਾਢਾਂ ਕਹਿੰਦੇ ਜੀਵਨ ਸੁਧਾਰਿਆ,
ਮਸ਼ੀਨ ਬਣ ਗਿਆ ਬੰਦਾ ਮੋਹ ਪਿਆਰ ਵਿਸਾਰਿਆ,
ਰਿਸ਼ਤੇ ਬੋਣੇ ਕਰਤੇ ਕੁਝ ਤੇਜ਼ੀ ਕੁਝ ਮੋਬਾਇਲਾਂ ਨੇ,
ਇਹਨਾਂ ਹੀ ਮਸ਼ੀਨਾ ਤੀਕ ਸੀਮਤ ਨੰਦਾਂ ਕਰ ਲਈਆਂ।

ਅਮੀਰੀ ਗਰੀਬੀ ਦਾ ਬਹੁਤ ਵਧ ਗਿਆ ਪਾੜਾ ਹੈ,
ਪੁੱਛਦਾ ਨਾ ਗਿਣਦਾ ਰਿਸ਼ਤਾ,ਰਿਸ਼ਤੇਦਾਰ ਜੋ ਮਾੜਾ ਹੈ,
ਅਮੀਰਾਂ ਦੀ ਖੁਸ਼ਾਮਦ ਵਿੱਚ ਪੜ੍ਹੇ ਜਾਂਦੇ ਨੇ ਹੁਣ ਕਲਮੇ ,
ਲਾਲਪੁਰੀ ਬਨਾਵਟੀ ਤੂੰ ਬੜੀਆਂ ਪਸੰਦਾਂ ਕਰ ਲਈਆਂ।

ਰਵਿੰਦਰ ਲਾਲਪੁਰੀ
ਨੂਰਪੁਰ ਬੇਦੀ(ਰੋਪੜ)
ਸੰਪਰਕ-94634-52261

## ਤਾਇਆ 9

ਤਾਏ ਨੇ ਜਿਉਂ ਹੀ ਸੈਂਕਲ ਤੇ ਜਾਂਦੇ ਨੇ ਭੀੜੀ ਗਲੀ ਆਲਾ ਮੋੜ ਕੱਟਿਆ, ਠਾਹ ਦੇਣੇ ਮੂਹਰੇ ਲੰਬੜਾਂ ਦੀ ਨੂੰਹ ਆ ਗਈ, ਉਹ ਵਿਚਾਰੀ ਲੋਟ ਪੋਟ ਹੋਣੋਂ ਤਾਂ ਬਚ ਗਈ, ਪਰ ਤਾਏ ਦੇ ਸੈਂਕਲ ਦਾ ਹੈਂਡਲ ਪੂਰਾ ਘੁੰਮ ਗਿਆ ਤੇ ਤਾਇਆ ਗਲੀ ਚ ਆਰ ਪਾਰ ਵਿਛ ਗਿਆ। ਤਾਏ ਨੇ ਦੋਨੋ ਹੱਥ ਪੱਗ ਨੂੰ ਪਾਏ ਹੋਏ ਸਨ ਤੇ ਉੱਠਣ ਦੀ ਕੋਸਿ਼ਸ਼ ਕਰਦੇ ਨੇ ਕਿਹਾ, " ਬੀਬਾ ਸੱਟ ਤਾਂ ਨੀ ਲੱਗੀ? "
"ਨਾ ਤਾਇਆ ਤੂੰ ਦੱਸ?, ਕਹੇਂ ਤਾਂ ਚੁੱਕਣ ਨੂੰ ਸੱਦ ਕੇ ਲਿਆਵਾਂ ਕਿਸੇ ਨੂੰ ?"
"ਰਹਿਣ ਦੇ ਭਾਈ, ਹਾਲੇ ਕਾਹਨੂੰ ਚੁੱਕਣ ਨੂੰ ਸੱਦਣੇ, ਉੱਠ ਖੜੂੰ ਆਪੇ, ਚਾਰ ਸਾਹ ਆ ਲੈਣ ਦੇ"
ਤਾਏ ਨੇ ਬੈਠ ਕੇ ਕਪੜੇ ਝਾੜੇ, ਪੱਗ ਸਿੱਧੀ ਕੀਤੀ, ਮੁੱਛਾਂ ਨੂੰ ਤਾਅ ਦਿੱਤਾ, ਉੱਠ ਕੇ ਸੈਂਕਲ ਦੇ ਮੂਹਰਲੇ ਚੱਕੇ ਨੂੰ ਦੋਵਾਂ ਲੱਤਾਂ ਚ ਲੈ ਕੇ ਹੈਂਡਲ ਨੂੰ ਘੁਮਾਅ ਕੇ ਸਿੱਧਾ ਕੀਤਾ। ਪਰ ਹੈਂਡਲ ਢਿੱਲਾ ਹੋ ਗਿਆ। ਜਦ ਨੂੰ ਬੀਬੀ ਗਲ਼ੀ ਪਾਰ ਕਰ ਗਈ ਸੀ। ਹੁਣ ਤਾਏ ਨੇ ਸੈਂਕਲ ਨੂੰ ਇਕ ਹੱਥ ਨਾਲ ਫੜਕੇ ਰੋੜ੍ਹ ਲਿਆ ਤੇ ਪੈਦਲ ਹੀ ਤੁਰ ਪਿਆਂ।
"ਓ ਤਾਇਆ, ਆਹ ਸੈਂਕਲ ਕਿ ਘੋੜੀ, ਬੀ ਥੱਕ ਜੂ? ਪੈਦਲ ਹੀ ਘੜੀਸੀ ਜਾਨਾ?"
" ਨਾ ਮਲ੍ਹਾ, ਗੱਲ ਐ ਆ ਬਈ, ਮੇਰਾ ਆ ਚਾਦਰਾ ਨਮਾ, ਮੈਂ ਸੋਚਿਆ, ਹੋਰ ਨਾ ਚੈਨ ਚ ਅੜਕ ਕੇ ਲੀਰ ਨਿਕਲਜੇ, ਤੈਨੂੰ ਪਤਾ ਬੀ ਤਾਈ ਤੇਰੀ ਨੇ ਮੇਰਾ ਕੀ ਹਾਲ ਕਰਨਾ ਫੇ!"
ਮੁੰਡਾ ਜਿਹਨੇ ਦੂਰੋਂ ਤਾਇਆ ਲੁੜਕਦਾ ਦੇਖ ਲਿਆ ਮੁਸਕੜੀ ਹੱਸਦਾ ਗਾਂਹ ਨੂੰ ਤੁਰ ਗਿਆ।
ਤਾਇਆ ਅੱਧਾ ਘੰਟਾ, ਮਿਸਤਰੀ ਦੀ ਦੁਕਾਨ ਤੇ ਬੈਠਾ, ਕਪੜਿਆਂ ਤੋਂ ਲੱਭ ਲੱਭ ਕੇ ਮਿੱਟੀ ਝਾੜਦਾ ਰਿਹਾ।

------------

## ਤਾਇਆ 10

ਖੌਰੇ ਤਾਏ ਦੇ ਮਨ ਵਿਚ ਕੀ ਆਈ, ਬਾਹਰਲੇ ਛੱਪੜ ਨਾਲ ਦੇ ਰੜੇ ਵਿਚ ਜੁਆਕਾਂ ਨੂੰ ਫੁੱਟਬਾਲ ਖੇਡਦੇ ਦੇਖਣ ਲੱਗ ਪਿਆ। ਸੈਂਕਲ ਨੂੰ ਟਾਹਲੀ ਨਾਲ ਲਾ ਕੇ ਖੜ੍ਹਾ ਕਰ ਦਿੱਤਾ। ਸਟੈਂਡ ਕਈ ਦਿਨਾਂ ਦਾ ਝੂਟਾ ਜਿਹਾ ਲੈਂਦਾ ਸੀ, ਬਸ ਘੌਹਲੋਂ ਕਰਕੇ ਠੀਕ ਨਹੀਂ ਸੀ ਕਰਾਇਆ। ਇਕ ਦਿਨ ਘਰੇ ਵੀ ਕੰਧ ਨਾਲ ਖੜ੍ਹਾ ਖੜ੍ਹਾ ਲੁੜਕ ਗਿਆ ਸੀ ਤੇ ਤਾਈ ਦਾ ਪਾਣੀ ਆਲਾ ਘੜਾ ਠੀਕਰ ਹੋ ਗਿਆ ਸੀ। ਤਾਏ ਨਾਲ ਜੋ ਬੀਤੀ, ਉਹਦਾ ਗਵਾਹ ਕੱਲਾ ਭਤੀਜ ਹੀ ਸੀ। ਅੱਜ ਤਾਇਆ ਸਟੈਂਡ ਠੀਕ ਕਰਾਉਣ ਹੀ ਤੁਰਿਆ ਸੀ ਕਿ ਰਾਹ ਵਿਚ ਜੁਆਕ ਖੇਡਦੇ ਦੇਖ, ਆਪਣੇ ਬਚਪਨ ਵਿਚ ਚਲੇ ਗਿਆ। ਤਾਏ ਦਾ ਕੱਦ ਲੰਮਾ ਹੋਣ ਕਰਕੇ ਛੱਪੜ ਚੋਂ ਗੇਂਦ ਹਰ ਵਾਰੀ, ਉਹਨੇ ਹੀ ਕੱਢਣੀ । ਹਾਲੇ ਉਹ ਬਚਪਨ ਦੀਆਂ ਯਾਦਾਂ ਵਿਚ ਹੀ ਸੀ ਕੇ, ਦੇਖਦੇ ਦੇਖਦੇ, ਜੁਆਕਾਂ ਦੀ ਗੇਂਦ ਵੀ ਛੱਪੜ ਚ ਜਾ ਪਈ ।
" ਹਟ ਜੋ ਜੁਆਕੋ, ਮੈਂ ਕੱਢਦਾ, ਇਹ ਤਾਂ ਮੇਰੇ ਖੱਬੇ ਹੱਥ ਦੀ ਖੇਲ ਆ"
ਗੇਂਦ ਸ਼ਾਇਦ ਦੂਰ ਚੱਲੇ ਗਈ ਸੀ, ਅੱਕ ਦੀ ਲੰਮੀ ਸੋਟੀ ਲੈ ਕੇ ਜਦ ਤਾਏ ਨੇ ਗੇਂਦ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਤਾਇਆ ਆਪ ਵੀ ਲੋਟਣੀ ਖਾ ਗਿਆ। ਗੇਂਦ ਤਾਂ ਤਾਏ ਦੇ ਹੱਥ ਆ ਗੀ, ਪਰ ਆਪ ਪੂਰਾ ਪਵਿੱਤਰ ਹੋ ਗਿਆ। ਜੁਆਕਾਂ ਨੇ ਕਿਸੇ ਤਰ੍ਹਾਂ ਨਲਕਾ ਗੇੜ ਕੇ ਤਾਏ ਦੀ ਪਵਿੱਤਰਤਾ ਭੰਗ ਕੀਤੀ।
ਤਾਇਆ ਗਿਲਾ ਸੁੱਕਾ ਜਿਹਾ ਕੁਝ ਦੇਰ ਟਾਹਲੀ ਥੱਲੇ ਖੜ੍ਹਾ ਰਿਹਾ ਤੇ ਫੇਰ ਘਰ ਨੂੰ ਤੁਰ ਪਿਆ। ਮੂਹਰੇ ਤਾਈ ਦਰਾਂ ਚ ਹੀ ਮਿਲ ਪੀ।
" ਹਾਏ ਵੇ ਆ ਗਿਲਾ ਕਿਵੇਂ ਹੋਇਆ ਪਿਆਂ , ਨਾ ਮੀਂਹ ਨਾ ਕਣੀ ?"
" ਕੁਸ਼ ਨੀ, ਆ ਪੰਡਤਾਂ ਆਲੇ ਪਾਸੇ ਗਿਆ ਸੀ. ਉਹ ਗਲੀ ਪਵਿੱਤਰ ਕਰਦੇ ਪਏ ਸੀ, ਗੰਗਾ ਜਲ ਨਾਲ, ਭੋਰਾ ਮੈਨੂੰ ਵੀ ਪਵਿੱਤਰ ਕਰਤਾ, ਅਖੇ ਤੇਰੇ ਵੀ ਕਸ਼ਟ ਮੁੱਕ ਜਾਣ"

## ਤਾਇਆ 11

ਗੱਲ ਕਈ ਪਰਾਰ ਪਹਿਲੋਂ ਦੀ ਆ। ਜਦੋਂ ਸਾਡੇ ਮੁਲਖ ਦੀ ਜੰਗ ਲਾਗਲੇ ਮੁਲਖ ਨਾਲ ਲੱਗੀ ਸੀ। ਚਾਰੇ ਪਾਸੇ ਰੌਲਾ ਸੀ ਬਈ ਦੇਸ਼ ਦੀ ਸੇਵਾ ਦਾ ਮੌਕਾ ਹੈ। ਪਿੰਡਾਂ ਚੋਂ ਜੁਆਨ ਮੁੰਡੇ ਫੌਜ ਵਿਚ ਭਰਤੀ ਹੋ ਰਹੇ ਸਨ। ਤਾਇਆ ਵੀ ਵਿਹਲਾ ਤੁਰਿਆ ਫਿਰਦਾ ਸੀ। ਕਿਸੇ ਨੂੰ ਪੁਛਿਆ " ਬੀ ਭਰਤੀ ਕਿੱਥੇ ਹੁੰਦੀ ਆ?"
"ਤੈਨੂੰ ਬੰਦੂਕ ਚਲਾਉਣੀ ਆਉਂਦੀ ਆ?"
" ਨਹੀਂ
" ਜੇ ਬੰਦੂਕ ਚਲਾਉਣੀ ਸਿਖ ਲੇਂ ਤਾਂ ਠਾਹ ਭਰਤੀ ਕਰ ਲੈਣਗੇ "
ਹੁਣ ਤਾਏ ਨੂੰ ਸਮਝ ਨਾ ਲੱਗੇ ਬੀ ਬੰਦੂਕ ਕਿੱਥੋਂ ਸਿੱਖੇ। ਕਈ ਦਿਨ ਲੰਘ ਗਏ। ਇਕ ਦਿਨ ਖਿਆਲ ਆਇਆ ਬਈ, ਸ਼ਰੀਕੇ ਆਲਾ ਤਾਇਆ ਫੌਜ ਚ ਹੁੰਦਾ ਸੀ। ਜਾ ਵੱਜਾ ਤਾਇਆ, ਵੱਡੇ ਤਾਏ ਦੇ ਘਰੇ।
"ਤਾਇਆ ਜੇ ਬਦੂਕ ਸਖਾ ਦੇ ਤਾਂ, ਮੇਰਾ ਫੌਜ ਚ ਕੰਮ ਬਣ ਜੂ"
ਵੱਡੇ ਤਾਏ ਨੇ ਬਥੇਰਾ ਸਮਝਾਇਆ ਕਿ ਫੌਜ ਵਾਲੇ ਆਪੇ ਸਖੋਂਦੇ ਆ, ਪਰ ਤਾਇਆ ਤਾਂ ਮੰਨੇ ਹੀ ਨਾ । ਆਖਰ ਉਹਦੀ ਜਿੱਦ ਕਰਕੇ, ਵੱਡੇ ਤਾਏ ਨੇ ਕਿੱਲੀ ਤੋਂ ਲਿਸ਼ਕਾ ਕੇ ਰੱਖੀ ਬੰਦੂਕ ਲਾਹੀ ਤੇ ਦੋਵੇਂ ਖੇਤਾਂ ਵੱਲ ਨੂੰ ਤੁਰ ਪਏ। ਵੱਡੇ ਤਾਏ ਨੇ ਸਾਰੀਆਂ ਗੱਲਾਂ ਸਮਝਾਈਆਂ ਕਿ ਕਿਵੇਂ ਬੰਦੂਕ ਫੜ੍ਹਨੀ ਆ, ਕਿਵੇਂ ਅੱਖ ਮੀਚ ਕੇ ਦੇਖਣਾ ਤੇ ਕਿਵੇਂ ਘੋੜਾ ਨੱਪਣਾ ਆਦਿ। ਵੱਡੇ ਤਾਏ ਨੇ ਫਾਇਰ ਕਰਕੇ ਵੀ ਦਿਖਾ ਦਿੱਤਾ। ਹੁਣ ਸਾਡੇ ਤਾਏ ਨੇ ਪੁਜੀਸ਼ਨ ਲੈ ਲਈ। ਵੱਡੇ ਤਾਏ ਦੇ ਇਹ ਦੱਸਦੇ ਦੱਸਦੇ ਕੇ ਬੰਦੂਕ ਬੈੱਕ ਵੀ ਮਾਰਦੀ ਹੁੰਦੀ ਹੈ, ਤਾਏ ਨੇ ਅਣਸੁਣੀ ਕਰਕੇ ਘੋੜਾ ਨੱਪ ਤਾਂ। ਬਸ ਫੇਰ ਕੀ, ਬੰਦੂਕ ਓਹ ਗਈ ਤੇ ਤਾਇਆ ਮੋਢਾ ਫੜੀ, ਧਰਤੀ ਤੇ ਪਿਆ ਲੇਰਾਂ ਮਾਰੇ। ਅਥਣੇ ਹੌਲੀ ਹੌਲੀ ਜਦ ਘਰ ਦੇ ਅੰਦਰ ਵੜਿਆ ਤਾਂ ਮੂਹਰੇ ਬਾਪੂ ਕਹਿੰਦਾ "ਕੀ ਹੋਇਆ?"
" ਹੋਣਾ ਕੀ ਸੀ? ਖੁਰਲੀ ਤੇ ਮੱਝ ਦੇ ਸਿੰਗਾਂ ਚ ਸੰਗਲ ਫਸ ਗਿਆ ਸੀ, ਕੱਢਦੇ ਕੱਢਦੇ ਜ਼ੋਰ ਜਿਆਦਾ ਲੱਗ ਗਿਆ ।"

----------------

-ਜਨਮੇਜਾ ਸਿੰਘ ਜੌਹਲ

# ਅਵਾਰਡ ਲਈ ਜੁਗਾੜ

-ਹਰਜੀਤ ਬੇਦੀ

ਪੁਰਾਣੇ ਸਮਿਆਂ ਤੋਂ ਹੀ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਉਹਨਾਂ ਨੂੰ ਇਨਾਮ ਅਤੇ ਸਨਮਾਨ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ। ਪਰ ਹੌਲੀ ਹੌਲੀ ਹਰ ਇੱਕ ਗੱਲ ਦੇ ਅਰਥ ਬਦਲ ਰਹੇ ਹਨ। ਅੱਜ ਹਾਲਤ ਇਹ ਹੈ ਕਿ ਬਹੁਤੇ ਲੋਕ ਅਵਾਰਡ ਪਰਾਪਤੀ ਲਈ ਕਿਸੇ ਖੇਤਰ ਵਿੱਚ ਘਾਲਣਾ ਕਰਨ ਦੀ ਥਾਂ ਜੁਗਾੜ ਬਣਾ ਲੈਂਦੇ ਹਨ। ਕਿਸੇ ਖੇਤਰ ਵਿੱਚ ਪਰਾਪਤੀ ਲਈ ਘਾਲਣਾ ਦੀ ਥਾਂ ਜੁਗਾੜ ਲਾਉਣ ਤੇ ਵੱਧ ਮੁਸ਼ੱਕਤ ਕਰਦੇ ਹਨ। ਜੁਗਾੜ ਨਾਲ ਪਰਾਪਤ ਕੀਤੇ ਅਜਿਹੇ ਸਨਮਾਨ ਦੀ ਘਰ ਵਿੱਚ ਨੁਮਾਇਸ਼ ਲਾ ਕੇ, ਆਏ ਗਏ ਨੂੰ ਗੱਲੀਂ ਬਾਤੀਂ ਮਿਲੇ ਅਵਾਰਡ ਤੇ ਨਜ਼ਰ ਪਵਾ ਕੇ ਅਤੇ ਅਖਬਾਰ ਵਿੱਚ ਫੋਟੋ ਛਪਵਾ ਕੇ ਧੰਨ ਧੰਨ ਹੋ ਜਾਂਦੇ ਹਨ। ਬਹੁਤੀ ਵਾਰ ਤਾਂ ਅਜਿਹੇ ਲੋਕ ਦੂਜਿਆਂ ਤੋਂ ਗਾਲਾਂ ਦਾ ਪਰਸ਼ਾਦ ਵੀ ਪਰਾਪਤ ਕਰਦੇ ਹਨ ਕਿਉਂਕਿ ਲੋਕ ਅੰਨ੍ਹੇ ਨਹੀਂ ਹੁੰਦੇ ਅਤੇ ਓਨ੍ਹਾਂ ਨੂੰ ਸਭ ਪਤਾ ਹੁੰਦਾ ਹੈ। ਪਰ ਇੱਕ ਗੱਲ ਜਰੂਰ ਹੈ ਕਿ ਉਹ ਚਰਚਾ ਵਿੱਚ ਜਰੂਰ ਰਹਿੰਦੇ ਹਨ ਭਾਵੇਂ ਇਹ ਨਾਂਹ ਪੱਖੀ ਹੀ ਹੋਵੇ। ਪਰ ਜੁਗਾੜੂ ਲੋਕਾਂ ਨੂੰ ਇਸ ਦੀ ਪਰਵਾਹ ਨਹੀਂ ਹੁੰਦੀ ਉਹ ਤਾਂ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਸਮਝ ਕੇ ਭੋਇੰ ਤੇ ਪੈਰ ਹੀ ਨਹੀਂ ਟਿਕਾਉਂਦੇ ਤੇ ਹਵਾ ਵਿੱਚ ਉੱਡੇ ਫਿਰਦੇ ਹਨ ਭਾਵੇਂ ਸੂਝਵਾਨ ਲੋਕਾਂ ਦੀ ਨਜ਼ਰ ਵਿੱਚੋਂ ਡਿੱਗ ਕੇ ਉਹਨਾਂ ਦਾ ਮੂੰਹ ਮੱਥਾ ਵਿਗੜਿਆ ਹੁੰਦਾ ਹੈ।

ਪਹਿਲਾਂ ਤਾਂ ਅਵਾਰਡ ਦੇਣ ਵਾਲੇ ਆਪਣੇ ਸੋਮਿਆਂ ਰਾਹੀਂ ਅਜਿਹੇ ਲੋਕਾਂ ਦੀ ਭਾਲ ਕਰਦੇ ਸਨ ਜਿਹੜੇ ਇਨਾਮ ਅਤੇ ਸਨਮਾਨ ਦੇ ਹੱਕਦਾਰ ਹੋਣ। ਪਰ ਬਦਲੇ ਹਾਲਤਾਂ ਮੁਤਾਬਕ ਅਵਾਰਡ ਲੈਣ ਲਈ ਬੇਨਤੀ ਕਰਨੀ ਪੈਂਦੀ ਹੈ ਤੇ ਚਾਹਵਾਨ ਲੋਕ ਗੈਂਗ ਬਣਾ ਕੇ ਇੱਕ ਦੂਜੇ ਦੇ ਨਾਵਾਂ ਦੀ ਸਿਫਾਰਸ਼ ਕਰਦੇ ਹਨ। ਜਿਸ ਅਥਾਰਟੀ ਨੇ ਇਹ ਸਨਮਾਨ ਦੇਣਾ ਹੋਵੇ ਉਸ ਤੱਕ ਪਹੁੰਚ ਕਰਨ ਲਈ ਉਸ ਦੇ ਨਜਦੀਕੀਆਂ ਪਿੱਛੇ ਘੁੰਮ ਘੁੰਮ ਜੁੱਤੀਆਂ ਘਸਾਈਆਂ ਜਾਂਦੀਆਂ ਹਨ। ਹੱਦ ਬੰਨੇ ਟੱਪ ਕੇ ਚਾਪਲੂਸੀ ਕੀਤੀ ਜਾਂਦੀ ਹੈ ਫਿਰ ਕਿਤੇ ਜਾ ਕੇ ਅਵਾਰਡ ਦਾ ਮੂੰਹ ਦੇਖਣਾ ਨਸੀਬ ਹੁੰਦਾ ਹੈ। ਇਹੋ ਜਿਹੇ ਅਵਾਰਡੀਆਂ ਨੇ ਅਵਾਰਡਾਂ ਨੂੰ ਇੰਨਾ ਬਦਨਾਮ ਕਰ ਦਿੱਤਾ ਹੈ ਕਿ ਬਹੁਤ ਸਾਰੇ ਸੁਹਿਰਦ ਅਤੇ ਨਿਰਸਵਾਰਥ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਲੋਕ ਅਜਿਹੇ ਅਵਾਰਡਾ ਤੋਂ ਕੰਨੀ ਕਤਰਾਉਂਦੇ ਹਨ ਅਤੇ ਬਹੁਤ ਹੀ ਘੱਟ ਬੇਨਤੀ ਪੱਤਰ ਭੇਜਦੇ ਹਨ।

ਕਈ ਵਾਰ ਅਥਾਰਟੀ ਵਲੋਂ ਇੱਕ ਤੋਂ ਵੱਧ ਵਿਅਕਤੀਆਂ ਨੂੰ ਇੱਕੋ ਸਮੇਂ ਅਵਾਰਡ ਦਿੱਤੇ ਜਾਂਦੇ ਹਨ ਅਜਿਹੇ ਮੌਕੇ ਤੇ ਜਦ ਇੱਕੋ ਪਲੇਟਫਾਰਮ ਤੋਂ ਕਿਸੇ ਸੁਹਿਰਦ ਵਿਅਕਤੀ ਅਤੇ ਜੁਗਾੜੂ ਨੂੰ ਸਨਮਾਨਿਆ ਜਾਂਦਾ ਹੈ ਤਾਂ ਕਈ ਵਾਰ ਸੁਹਿਰਦ ਵਿਅਕਤੀ ਦਾ ਮਨ ਗਿਲਾਨੀ ਨਾਲ ਭਰ ਜਾਂਦਾ ਹੈ। ਮੌਕੇ ਤੇ ਉਹ ਨਾਂਹ ਵੀ ਨਹੀਂ ਕਰ ਸਕਦਾ ਤੇ ਮਾਨਸਿਕ ਤੌਰ ਤੇ ਉਪਰਾਮ ਹੋਣਾ ਸੁਭਾਵਿਕ ਹੈ। ਪੱਥਰ ਤੇ ਹੀਰੇ ਨੂੰ ਇੱਕੋ ਤੱਕੜੀ ਵਿੱਚ ਤੋਲਣਾ ਕਦਾਚਿਤ ਵੀ ਜਾਇਜ ਨਹੀਂ। ਕਈ ਵਾਰ ਤਾਂ ਅਥਾਰਟੀ ਨੂੰ ਵੀ ਅਲੋਚਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਜਿਸ ਦਾ ਕੋਈ ਬਹੁਤਾ ਕਸੂਰ ਨਹੀਂ ਹੁੰਦਾ ਬੱਸ ਇੰਨੀ ਕੁ ਅਣਗਹਿਲੀ ਜਰੂਰ ਹੁੰਦੀ ਹੈ ਕਿ ਉਸ ਨੇ ਜਾਂ ਉਸ ਦੇ ਸਟਾਫ ਨੇ ਪੂਰੀ ਘੋਖ ਨਹੀਂ ਕੀਤੀ ਹੁੰਦੀ।

ਕਦੇ ਕਦੇ ਗੱਲ ਉਦੋਂ ਹੋਰ ਵੀ ਹਾਸੋਹੀਣੀ ਹੋ ਜਾਂਦੀ ਹੈ ਕਿ ਅਵਾਰਡ ਲੈਣ ਵਾਲਿਆਂ ਦੀ ਥਾਂ ਅਵਾਰਡ ਦੇਣ ਵਾਲੇ ਨਕਲੀ ਤੌਰ ਤੇ ਆਪਣਾ ਕੱਦ ਉੱਚਾ ਕਰਨ ਲਈ ਅਵਾਰਡ ਵੰਡਣ ਦਾ ਜੁਗਾੜ ਕਰਦੇ ਹਨ ਤਾਂ ਜੋ ਸਮਾਜ ਵਿੱਚ ਉਹਨਾਂ ਦੀ ਬੱਲੇ ਬੱਲੇ ਹੋਵੇ । ਉਹ ਅਜਿਹੀ ਮਿੱਟੀ ਦੇ ਬਣੇ ਹੁੰਦੇ ਹਨ ਕਿ ਅਵਾਰਡ ਦੇਣ ਲਈ ਹੋਕਾ ਦੇਣ ਤੱਕ ਜਾਂਦੇ ਹਨ। ਕਈ ਵਾਰ ਤਾਂ ਉਹਨਾਂ ਨੂੰ ਅਵਾਰਡ ਲੈਣ ਦਾ ਇੱਛਕ ਬੰਦਾ ਹੀ ਨਹੀਂ ਲਭਦਾ।

ਕਿਸੇ ਵੀ ਵਿਅਕਤੀ ਲਈ ਫੋਕੀ ਵਾਹ ਵਾਹ ਲਈ ਜੁਗਾੜ ਬਣਾ ਕੇ ਪ੍ਰਾਪਤ ਕੀਤੇ ਅਵਾਰਡ ਦੀ ਥਾਂ ਲੋਕਾਂ ਤੋਂ ਮਿਲਣ ਵਾਲਾ ਪਿਆਰ ਅਤੇ ਸਤਿਕਾਰ ਹੀ ਉੱਤਮ ਅਵਾਰਡ ਹੈ। ਲੋਕਾਂ ਦੇ ਦਿਲਾਂ ਵਿੱਚ ਵਸਣਾ ਸਭ ਤੋਂ ਵੱਡਾ ਅਵਾਰਡ ਹੈ। ਇਹ ਅਵਾਰਡ ਮਨੁੱਖ ਨੂੰ ਸੁਹਿਰਦਤਾ , ਨਿਰਸਵਾਰਥ ਲੋਕ ਸੇਵਾ ਜਾਂ ਸਮਾਜ ਭਲਾਈ ਦੇ ਕੰਮ ਕਰ ਕੇ ਹੀ ਪਰਾਪਤ ਹੋ ਸਕਦਾ ਹੈ।

# ਆਰਥਿਕ ਚੁਣੌਤੀਆਂ ਦਰਮਿਆਨ ਤੇਜ਼ੀ ਨਾਲ ਉਭਰੇਗੀ ਭਾਰਤ ਦੀ ਅਰਥ ਵਿਵਸਥਾ

-ਡਾਕਟਰ ਜਯੰਤੀ ਲਾਲ ਭੰਡਾਰੀ

ਬੀਤੀ 10 ਜੂਨ ਨੂੰ ਵਿਸ਼ਵ ਪ੍ਰਸਿੱਧ ਵਿੱਤੀ ਸੰਗਠਨ ਏ ਬੀ ਐੱਨ ਏਮਰੋ ਨੇ ਆਪਣੀ ਅਧਿਐਨ ਰਿਪੋਰਟ 'ਚ ਕਿਹਾ ਹੈ ਕਿ ਚਾਹੇ 2018-19 ਵਿੱਚ ਭਾਰਤ ਦੀ ਵਿਕਾਸ ਦਰ ਘਟੀ ਹੈ, ਪਰ ਨਰਿੰਦਰ ਮੋਦੀ ਦੀ ਦੂਸਰੀ ਸਰਕਾਰ ਦੀ ਬਦੌਲਤ ਭਾਰਤ ਪੂਰੀ ਸਮਰੱਥਾ ਨਾਲ ਆਰਥਿਕ ਤਰੱਕੀ ਦੀ ਰਾਹ 'ਤੇ ਅੱਗੇ ਵਧੇਗਾ ਅਤੇ ਸਾਰੀਆਂ ਆਰਥਿਕ ਚੁਣੌਤੀਆਂ ਹੁੰਦਿਆਂ ਵੀ ਸਭ ਤੋਂ ਤੇਜ਼ ਉਭਰਦੀ ਅਰਥ ਵਿਵਸਥਾ ਵਜੋਂ ਆਪਣੀ ਪਛਾਣ ਬਣਾਈ ਰੱਖੇਗਾ। ਭਾਰਤ ਦੀ ਜੀ ਡੀ ਪੀ ਦੀ ਵਾਧਾ ਦਰ ਪਿਛਲੇ ਵਰ੍ਹੇ 2018-19 ਦੀ ਆਖਰੀ ਤਿਮਾਹੀ ਵਿੱਚ ਪਿਛਲੇ ਪੰਜ ਸਾਲਾਂ ਦੇ ਹੇਠਲੇ ਪੱਧਰ 5.80 ਫੀਸਦੀ 'ਤੇ ਆ ਗਈ, ਜਿਸ ਕਾਰਨ ਪਿਛਲੇ ਵਰ੍ਹੇ ਵਿੱਚ ਦੇਸ਼ ਦੀ ਵਿਕਾਸ ਦਰ 6.80 ਫੀਸਦੀ ਤੱਕ ਸੀਮਤ ਹੋ ਗਈ, ਪਰ ਅੱਗੋਂ ਚਾਲੂ ਵਰ੍ਹੇ 2019-20 ਵਿੱਚ ਭਾਰਤ ਦੀ ਜੀ ਡੀ ਪੀ ਵਾਧਾ ਦਰ ਵਧਣ ਦੀਆਂ ਸੰਭਾਵਨਾਵਾਂ ਹਨ। ਵਿੱਤੀ ਸੇਵਾਵਾਂ ਦੇਣ ਵਾਲੀ ਦੁਨੀਆ ਦੀ ਮਸ਼ਹੂਰ ਕੰਪਨੀ ਗੋਲਡਮੈਨ ਸਾਕਸ ਨੇ ਸੱਤ ਜੂਨ ਦੀ ਰਿਪੋਰਟ ਵਿੱਚ ਕਿਹਾ ਕਿ ਭਾਰਤ ਵਿੱਚ ਜਿੰਨੇ ਵਿਕਾਸ ਦੀਆਂ ਸੰਭਾਵਨਾਵਾਂ ਦੇ ਯਤਨ ਦਿਖਾਈ ਦੇਂਦੇ ਹਨ, ਉਸ ਨਾਲ ਇਸ ਸਾਲ ਵਿਕਾਸ ਦਰ ਵਧ ਕੇ 7.20 ਫੀਸਦੀ ਹੋ ਸਕਦੀ ਹੈ।

ਇਸੇ ਤਰ੍ਹਾਂ ਪਿੱਛੇ ਜਿਹੇ ਵਰਲਡ ਬੈਂਕ ਅਤੇ ਕੌਮਾਂਤਰੀ ਮੁਦਰਾ ਫੰਡ (ਆਈ ਐੱਮ ਐੱਫ) ਨੇ ਆਪਣੀਆਂ ਰਿਪੋਰਟਾਂ ਵਿੱਚ ਕਿਹਾ ਹੈ ਕਿ ਬਿਹਤਰ ਪੂੰਜੀ ਨਿਵੇਸ਼ ਅਤੇ ਨਿੱਜੀ ਖਪਤ ਦੇ ਦਮ ਉਤੇ ਅਗਲੇ ਤਿੰਨ ਸਾਲਾਂ ਤੱਕ ਭਾਰਤ 7.5 ਫੀਸਦੀ ਦੀ ਵਿਕਾਸ ਦਰ ਨਾਲ ਵਾਧਾ ਕਰਨ ਵਾਲੀ ਪ੍ਰਮੁੱਖ ਸੰਸਾਰਕ ਅਰਥ ਵਿਵਸਥਾ ਬਣਿਆ ਰਹੇਗਾ। ਇਨ੍ਹਾਂ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਚੀਨ ਦੀ ਵਿਕਾਸ ਦਰ ਇਨ੍ਹਾਂ ਤਿੰਨ ਸਾਲਾਂ ਵਿੱਚ ਭਾਰਤ ਨਾਲੋਂ ਘੱਟ ਰਹੇਗੀ।

ਯਕੀਨੀ ਤੌਰ 'ਤੇ ਪਿਛਲੇ ਵਰ੍ਹੇ ਵਿੱਚ ਦਿਖਾਈ ਦਿੱਤੀ ਜੀ ਡੀ ਪੀ ਦੀ ਘੱਟ ਵਾਧਾ ਦਰ ਨੂੰ ਅੱਗੋਂ ਬਹੁਤੀ ਵਾਧਾ ਦਰ ਵਿੱਚ ਬਦਲਣਾ ਅਤੇ ਅਰਥ ਵਿਵਸਥਾ ਨੂੰ ਪਟੜੀ 'ਤੇ ਲਿਆਉਣਾ ਮੋਦੀ ਸਰਕਾਰ ਦੇ ਏਜੰਡੇ 'ਚ ਸਭ ਤੋਂ ਉਪਰ ਦਿਖਾਈ ਦੇਂਦਾ ਹੈ। ਪਿਛਲੇ ਦੋ-ਤਿੰਨ ਸਾਲਾਂ ਵਿੱਚ ਪੈਦਾ ਹੋਈਆਂ ਆਰਥਿਕ ਚੁਣੌਤੀਆਂ ਨਾਲ ਨਜਿੱਠਣ ਲਈ ਪੰਜ ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਦੇਸ਼ ਵਿੱਚ ਪਹਿਲੀ ਵਾਰ ਵਿਕਾਸ ਦਰ ਅਤੇ ਰੋਜ਼ਗਾਰ ਦੇ ਅਹਿਮ ਮੁੱਦਿਆਂ 'ਤੇ ਦੋ ਕੈਬਨਿਟ ਕਮੇਟੀਆਂ ਬਣਾਈਆਂ ਗਈਆਂ ਹਨ। ਪਹਿਲੀ ਕਮੇਟੀ ਵਿਕਾਸ ਦਰ ਅਤੇ ਨਿਵੇਸ਼ ਵਧਾਉਣ 'ਤੇ ਕੰਮ ਕਰੇਗੀ। ਦੂਜੀ ਕਮੇਟੀ ਰੋਜ਼ਗਾਰ ਅਤੇ ਹੁਨਰ ਵਿਕਾਸ ਬਾਰੇ ਹੈ। ਵਿਕਾਸ ਦਰ ਵਧਾਉਣ ਦੇ ਨਾਲ-ਨਾਲ ਬੇਰੋਜ਼ਗਾਰੀ ਘਟਾਉਣ ਉਤੇ ਵੀ ਸਰਕਾਰ ਦਾ ਫੋਕਸ ਹੋਵੇਗਾ। ਅੰਕੜਿਆਂ ਮੁਤਾਬਕ 2017-18 ਵਿੱਚ ਦੇਸ਼ ਵਿੱਚ ਬੇਰੋਜ਼ਗਾਰੀ ਦੀ ਦਰ 6.1 ਫੀਸਦੀ ਰਹੀ, ਜੋ 45 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਹੈ।

ਆਰਥਿਕ ਮਾਹਰ ਲੰਬੇ ਸਮੇਂ ਤੋਂ ਕਹਿ ਰਹੇ ਹਨ ਕਿ ਨਿਵੇਸ਼, ਕਾਰੋਬਾਰ ਅਤੇ ਰੋਜ਼ਗਾਰ ਆਦਿ ਦੇ ਮਾਮਲਿਆਂ ਨੂੰ ਸਿਰਫ ਕਰੰਸੀ ਨੀਤੀ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ। ਇਨ੍ਹਾਂ ਖੇਤਰਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸਰਕਾਰ ਨੰ ਲੈਣੀ ਪਵੇਗੀ। ਇਸ 'ਚ ਦੋ ਰਾਵਾਂ ਨਹੀਂ ਕਿ ਛੇ ਜੂਨ ਨੂੰ ਰਿਜ਼ਰਵ ਬੈਂਕ ਨੇ ਅਰਥ ਵਿਵਸਥਾ ਨੂੰ ਰਫਤਾਰ ਦੇਣ ਲਈ ਲਗਾਤਾਰ ਤੀਜੀ ਵਾਰ ਵਿਆਜ ਦਰਾਂ ਵਿੱਚ ਚੌਥਾਈ ਫੀਸਦੀ ਕੱਟ ਲਇਆ ਹੈ ਅਤੇ ਕਿਹਾ ਕਿ ਬੈਂਕਾਂ ਵੱਲੋਂ ਸਸਤੇ ਕਰਜ਼ੇ ਦਾ ਲਾਭ ਨਿਵੇਸ਼ਕਾਂ ਅਤੇ ਗਾਹਕਾਂ ਨੂੰ ਮਿਲੇ, ਨਾ ਕਿ ਪਹਿਲਾਂ ਵਾਂਗ ਖੁਦ ਬੈਂਕ ਇਸ ਦਾ ਲਾਭ ਉਠਾਉਂਦੇ ਰਹਿਣ।

ਯਕੀਨੀ ਤੌਰ 'ਤੇ ਸੰਸਾਰਕ ਮੰਦੀ ਦਰਮਿਆਨ ਵਿਕਾਸ ਦਰ ਵਧਾਉਣ ਲਈ ਨਰਿੰਦਰ ਮੋਦੀ ਵੱਲੋਂ ਜਿਹੜੀਆਂ ਦੋ ਨਵੀਆਂ ਕੈਬਨਿਟ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਉਨ੍ਹਾਂ ਨੂੰ ਦੇਸ਼ ਦੀ ਵਿਕਾਸ ਦਰ ਅਤੇ ਰੋਜ਼ਗਾਰ ਵਧਾਉਣ ਵਰਗੇ ਅਹਿਮ ਮੁੱਦਿਆਂ 'ਤੇ ਅੱਗੇ ਵਧਣਾ ਪਵੇਗਾ। ਕਿਉਂਕਿ ਮੋਦੀ ਦੀ ਦੂਸਰੀ ਸਰਕਾਰ ਸਾਹਮਣੇ ਸਭ ਤੋਂ ਪਹਿਲੀ ਚੁਣੌਤੀ ਅਰਥ ਵਿਵਸਥਾ ਨੂੰ ਤੇਜ਼ ਕਰਨ ਦੀ ਹੈ, ਜਿਸ ਦੀ ਚਾਲ ਪਿਛਲੇ ਕੁਝ ਮਹੀਨਿਆਂ ਤੋਂ ਮੱਠੀ ਪੈ ਗਈ ਹੈ, ਇਸ ਲਈ ਸਰਕਾਰ ਨੂੰ ਆਰਥਿਕ ਵਾਧੇ ਨੂੰ ਪਟੜੀ ਉਤੇ ਲਿਆਉਣ ਲਈ ਨਵੀਂ ਰਣਨੀਤੀ ਬਣਾਉਣੀ ਪਵੇਗੀ, ਜਿਸ ਦੇ ਤਹਿਤ ਆਰਥਿਕ ਵਾਧੇ ਦੀ ਮਜ਼ਬੂਤੀ ਲਈ ਬੁਨਿਆਦੀ ਢਾਂਚੇ 'ਤੇ ਖਰਚ ਵਧਾਉਣਾ ਪਵੇਗਾ, ਸੰਸ-ਾਰਕ ਕਾਰੋਬਾਰ ਦਾ ਵਾਧਾ ਕਰਨਾ ਪਵੇਗਾ, ਟੈਕਸ ਪ੍ਰਤੀ ਦੋਸਤਾਨਾ ਕਾਨੂੰਨ ਨੂੰ ਨਵਾਂ ਰਾਹ ਦਿਖਾਉਣਾ ਪਵੇਗਾ, ਵੱਧ ਪ੍ਰਤੱਖ ਵਿਦੇਸ਼ੀ ਨਿਵੇਸ ਦੀ ਆਮਦ ਬਣਾਉਣੀ ਪਵੇਗੀ।

ਇਸ ਤੋਂ ਇਲਾਵਾ ਮੋਦੀ ਸਰਕਾਰ ਨੂੰ ਐਕਸਪੋਰਟ ਵਿੱਚ ਸੁਧਾਰ ਕਰਨਾ ਪਵੇਗਾ, ਭੂਮੀ ਅਤੇ ਕਿਰਤ ਸੁਧਾਰ ਤੋਂ ਇਲਾਵਾ ਡਿਜੀਟਲੀਕਰਨ ਵਰਗੇ ਨੀਤੀ ਯਤਨਾਂ ਨੂੰ ਤੇਜ਼ੀ ਨਾਲ ਵਧਾਉਣਾ ਪਵੇਗਾ। ਦਿਹਾਤੀ ਵਿਕਾਸ, ਸੜਕ ਉਸਾਰੀ, ਬੁਨਿਆਦੀ ਢਾਂਚੇ ਦੇ ਵਿਕਾਸ, ਰਿਹਾਇਸ਼ ਤੇ ਸਮਾਰਟ ਸਿਟੀ ਵਰਗੀਆਂ ਯੋਜਨਾਵਾਂ ਨੂੰ ਗਤੀਸ਼ੀਲ ਬਣਾਉਣਾ ਪਵੇਗਾ। ਇਸ ਦੇ ਲਈ ਮੋਦੀ ਸਰਕਾਰ ਨੂੰ ਜ਼ਿਆਦਾ ਸੋਮੇ ਵੀ ਜੁਟਾਉਣੇ ਪੈਣਗੇ। ਇਸ ਦਿਸ਼ਾ ਵਿੱਚ ਇੱਕ ਪਾਸੇ ਨਿਵੇਸ਼ ਦਾ ਰਾਹ ਫੜਿਆ ਜਾ ਸਕਦਾ ਹੈ ਤਾਂ ਦੂਜੇ ਪਾਸੇ ਬੁਨਿਆਦੀ ਢਾਂਚਾ ਯੋਜਨਾਵਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਬਾਜ਼ਾਰ ਤੇ ਅਰਥ ਵਿਵਸਥਾ ਲਈ ਆਰਥਿਕ ਤੇ ਵਿੱਤੀ ਨੀਤੀਆਂ ਦੀ ਲਗਾਤਾਰਤਾ ਜ਼ਰੂਰੀ ਹੈ। ਇਸ ਸਥਿਤੀ ਵਿੱਚ ਕਰਜ਼ਾ ਬਾਜ਼ਾਰ ਦੇ ਦਬਾਅ ਨੂੰ ਦੂਰ ਕਰਨਾ ਮੋਦੀ ਸਰਕਾਰ ਤੇ ਰਿਜ਼ਰਵ ਬੈਂਕ ਦੇ ਏਜੰਡੇ ਵਿੱਚ ਸ਼ਾਮਲ ਕਰਨਾ ਪਵੇਗਾ। ਮੋਦੀ ਸਰਕਾਰ ਨੂੰ ਭਾਰਤੀ ਖਪਤਕਾਰਾਂ ਦੀਆਂ ਖਪਤ ਦੀਆਂ ਇੱਛਾਵਾਂ ਅਤੇ ਵਿੱਤੀ ਬੱਚਤਾਂ ਦਾ ਸੰਤੁਲਨ ਬਣਾਉਣ ਦੀ ਰਣਨੀਤੀ ਅਪਣਾਉਣੀ ਪਵੇਗੀ।

ਭਾਰਤ ਦੀ ਦਿਹਾਤੀ ਆਬਾਦੀ ਦਾ ਇੱਕ ਵੱਡਾ ਹਿੱਸਾ ਅਜੇ ਵੀ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕਿਸਾਨਾਂ ਦੀ ਹਾਲਤ ਖਰਾਬ ਹੈ, ਇਸ ਲਈ ਸਰਕਾਰ ਨੂੰ ਖੇਤੀਬਾੜੀ ਤੇ ਕਿਸਾਨਾਂ ਦੀ ਭਲਾਈ ਲਈ ਨਵੇਂ ਰਣਨੀਤਕ ਕਦਮ ਚੁੱਕਣੇ ਪੈਣਗੇ। ਸਰਕਾਰ ਨੇ ਦੇਸ਼ ਦੇ 12 ਕਰੋੜ ਤੋਂ ਵੱਧ ਕਿਸਾਨਾਂ ਨੂੰ ਹਰ ਸਾਲ ਛੇ ਹਜ਼ਾਰ ਰੁਪਏ ਦੇਣ ਦਾ ਜੋ ਫੈਸਲਾ ਲਿਆ ਹੈ, ਉਸ ਨਾਲ ਯਕੀਨੀ ਤੌਰ 'ਤੇ ਕਿਸਾਨਾਂ ਨੂੰ ਲਾਭ ਹੋਵੇਗਾ। ਜ਼ਰੂਰੀ ਹੋਵੇਗਾ ਕਿ ਸਰਕਾਰ ਪ੍ਰਾਈਵੇਟ ਖੇਤਰ ਨੂੰ ਖੇਤੀਬਾੜੀ ਨਾਲ ਜੋੜਨ ਦੀ ਰਣਨੀਤੀ ਬਣਾਵੇ ਅਤੇ ਨਾਲ ਫੂਡ ਪ੍ਰੋਸੈਸਿੰਗ ਦਾ ਘੇਰਾ ਵੀ ਵਧਾਉਣਾ ਪਵੇਗਾ। ਇਸ ਤੋਂ ਇਲਾਵਾ ਪੈਟਰੋਲੀਅਮ ਉਤਪਾਦਾਂ ਨੂੰ ਵੀ ਹੁਣ ਜੀ ਐਸ ਟੀ ਦੇ ਦਾਇਰੇ ਵਿੱਚ ਲਿਆਉਣਾ ਜ਼ਰੂਰੀ ਹੁੰਦਾ ਦਿਖਾਈ ਦੇ ਰਿਹਾ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਦੇਸ਼ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ ਤੇ ਭਾਰਤੀ ਪ੍ਰਤਿਭਾਂ ਦੇਸ਼ ਦੀ ਮਿੱਟੀ ਨੂੰ 'ਸੋਨਾ' ਬਣਾ ਦੇਵੇ ਤਾਂ ਉਚ ਸਿਖਿਆ ਦੀ ਗੁਣਵੱਤਾ ਉਤੇ ਧਿਆਨ ਦੇ ਕੇ ਉਚ ਸਿਖਿਅਤ ਨੌਜਵਾਨਾਂ ਨੂੰ ਰੋਜ਼ਗਾਰ ਦੇ ਯੋਗ ਬਣਾਉਣਾ ਹੋਵੇਗਾ ਤੇ ਸਾਧਾਰਨ ਯੋਗਤਾ ਵਾਲੇ ਨੌਜਵਾਨਾਂ ਨੂੰ ਹੁਨਰ ਸਿਖਲਾਈ ਦੇ ਕੇ ਕੰਮ ਕਰਨ ਦੇ ਯੋਗ ਬਣਾਇਆ ਜਾਵੇ। ਇਸ 'ਚ ਦੋ ਰਾਵਾਂ ਨਹੀਂ ਕਿ ਭਾਰਤ ਦੀ ਨਵੀਂ ਪੀੜ੍ਹੀ ਏ ਭਾਰਤੀ ਪੇਸ਼ੇਵਰਾਂ ਲਈ ਦੇਸ਼ ਅਤੇ ਵਿਦੇਸ਼ ਵਿੱਚ ਰੋਜ਼ਗਾਰ ਦੇ ਬੂਹੇ ਖੁੱਲ੍ਹ ਰਹੇ ਹਨ। ਇਹ ਸਾਫ ਹੈ ਕਿ ਦੁਨੀਆ ਵਿੱਚ ਅੱਜ ਵੀ ਭਾਰਤੀ ਪ੍ਰਤਿਭਾਵਾਂ ਦੀ ਮੰਗ ਹੈ ਅਤੇ ਭਵਿੱਖ ਵਿੱਚ ਵੀ ਬਣੀ ਰਹੇਗੀ। ਅਸੀਂ ਆਸ ਕਰੀਏ ਕਿ ਦੇਸ਼ ਦੀ ਵਿਕਾਸ ਦਰ ਅਤੇ ਨਿਵੇਸ਼ ਵਧਾਉਣ ਲਈ ਬਣਾਈਆਂ ਦੋਵੇਂ ਕੈਬਨਿਟ ਕਮੇਟੀਆਂ ਦੇਸ਼ ਦੇ ਸਾਹਮਣੇ ਮੌਜੂਦ ਆਰਥਿਕ ਚੁਣੌਤੀਆਂ ਦਾ ਰਣਨੀਤੀ ਪੂਰਵਕ ਮੁਕਾਬਲਾ ਕਰਨ ਲਈ ਢੁੱਕਵੇਂ ਸੁਝਾਅ ਦੇਣਗੀਆਂ, ਜਿਨ੍ਹਾਂ ਨੂੰ ਸਰਕਾਰ ਵੱਲੋਂ ਲਾਗੂ ਕੀਤਾ ਜਾਵੇਗਾ, ਜਿਸ ਨਾਲ ਭਾਰਤੀ ਅਰਥ ਵਿਵਸਥਾ ਗਤੀਸ਼ੀਲ ਹੋਵੇਗੀ ਅਤੇ ਦੁਨੀਆ ਦੀ ਸਭ ਤੋਂ ਤੇਜ਼ ਰਫਤਾਰ ਵਾਲੀ ਅਰਥ ਵਿਵਸਥਾ ਬਣ ਜਾਵੇਗੀ।

## ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਕੁਝ ਹੋਰ ਮੰਤਰੀ ਵੀ ਔਖੇ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੰਤਰੀਆਂ ਦੇ ਵਿਭਾਗ ਬਦਲਣ ਦੇ ਬਾਅਦ ਸਿਰਫ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਹੀ ਖਫਾ ਨਹੀਂ, ਕੈਪਟਨ ਧੜੇ ਦੇ ਕਈ ਮੰਤਰੀ ਵੀ ਆਪਣੇ ਵਿਭਾਗ ਬਦਲਣ ਤੋਂ ਨਾਰਾਜ਼ ਹਨ। ਵੱਡੀ ਗੱਲ ਇਹ ਕਿ ਵਿਭਾਗਾਂ ਦੀ ਬਦਲੀ ਤੋਂ ਬਾਅਦ ਜ਼ਿਆਦਾਤਾਰ ਮੰਤਰੀਆਂ ਦਾ ਮੁੱਖ ਮੰਤਰੀ ਨਾਲ ਸੰਪਰਕ ਨਹੀਂ ਹੋ ਸਕਿਆ। ਇਹ ਮੰਤਰੀ ਆਪਣਾ ਦਰਦ ਦਿਲ ਵਿੱਚ ਲਈ ਬੈਠੇ ਹਨ।

ਬੇਸ਼ੱਕ ਨਵਜੋਤ ਸਿੱਧੂ ਤੋਂ ਇਲਾਵਾ ਬਾਕੀ ਮੰਤਰੀਆਂ ਨੇ ਆਪਣੇ ਵਿਭਾਗਾਂ ਦਾ ਚਾਰਜ ਲੈ ਕੇ ਕੰਮ ਦੇਖਣਾ ਸ਼ੁਰੂ ਕਰ ਦਿੱਤਾ ਹੈ, ਪਰ ਕਈ ਮੰਤਰੀਆਂ ਨੂੰ ਮੁੱਖ ਮੰਤਰੀ ਦਾ ਫੈਸਲਾ ਰਾਸ ਨਹੀਂ ਆ ਰਿਹਾ। ਸਾਬਕਾ ਸਿੱਖਿਆ ਮੰਤਰੀ ਓ ਪੀ ਸੋਨੀ ਨੇ ਅਸਿੱਧੇ ਰੂਪ ਵਿੱਚ ਰੋਸ ਜ਼ਾਹਰ ਕਰਦਿਆਂ ਮੰਤਰੀਆਂ 'ਤੇ ਅਫਸਰਸ਼ਾਹੀ ਭਾਰੂ ਹੋਣ ਦੀ ਗੱਲ ਆਖ ਦਿੱਤੀ ਹੈ, ਪਰ ਕਈ ਮੰਤਰੀ ਖੁੱਲ੍ਹ ਕੇ ਕੁਝ ਕਹਿਣ ਨੂੰ ਤਿਆਰ ਨਹੀਂ, ਆਫ ਦੀ ਰਿਕਾਰਡ ਦੁੱਖ ਜ਼ਾਹਰ ਕਰ ਰਹੇ ਹਨ। ਇਕ ਸੀਨੀਅਰ ਮੰਤਰੀ ਨੇ ਗੱਲਬਾਤ ਦੌਰਾਨ ਕਿਹਾ ਕਿ ਉਸ ਦੀ ਕੀ ਕਸੂਰ ਹੈ? ਉਸ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਫੈਸਲਾ ਡਰ ਕਾਰਨ ਲਿਆ ਹੈ। ਉਨ੍ਹਾਂ ਕਿਹਾ ਕਿ ਜੇ ਸਿੱਧੂ ਨੂੰ ਸਬਕ ਸਿਖਾਉਣਾ ਸੀ ਤਾਂ ਸਿਰਫ ਉਨ੍ਹਾਂ ਦਾ ਵਿਭਾਗ ਬਦਲ ਕੇ ਲੋਕਾਂ ਅਤੇ ਪ੍ਰਸ਼ਾਸਨ ਵਿੱਚ ਸਖਤੀ ਦਾ ਸੁਨੇਹਾ ਦੇਣਾ ਚਾਹੀਦਾ ਸੀ। ਵੱਡੀ ਗੱਲ ਇਹ ਕਿ ਮੁੱਖ ਮੰਤਰੀ ਨੇ ਉਨ੍ਹਾਂ ਮੰਤਰੀਆਂ ਨੂੰ ਚੰਗੇ ਵਿਭਾਗ ਦੇ ਦਿੱਤੇ ਹਨ, ਜਿਨ੍ਹਾਂ ਦੇ ਹਲਕਿਆਂ ਵਿੱਚ ਕਾਂਗਰਸੀ ਉਮੀਦਵਾਰਾਂ ਦੀ ਹਾਰ ਹੋਈ ਹੈ। ਇਸ ਦੇ ਸੰਬੰਧ ਵਿੱਚ ਜਾਣਕਾਰ ਸੂਤਰ ਦੱਸਦੇ ਹਨ ਕਿ ਮੰਤਰੀ ਬ੍ਰਹਮ ਮਹਿੰਦਰਾ ਸਿਹਤ ਵਿਭਾਗ ਦੇ ਨਾਲ ਲੋਕਲ ਬਾਡੀਜ਼ ਵਿਭਾਗ ਲੈਣ ਦੇ ਇਛੁੱਕ ਸਨ, ਪਰ ਉਨ੍ਹਾਂ ਤੋਂ ਸਿਹਤ ਵਿਭਾਗ ਵਾਪਸ ਲੈ ਲਿਆ ਗਿਆ ਹੈ। ਇਸੇ ਤਰ੍ਹਾਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤਰਜਿੰਦਰ ਸਿੰਘ ਬਾਜਵਾ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵਾਪਸ ਲੈਣ ਤੋਂ ਖਫਾ ਹਨ।

ਹਾਈ ਕੋਰਟ ਨੇ ਪੁੱਛਿਆ

## ਫਤਿਹਵੀਰ ਕੇਸ ਵਿੱਚ ਹਾਦਸੇ ਦੇ ਜ਼ਿੰਮੇਵਾਰ ਬਾਰੇ ਰਾਜ ਸਰਕਾਰ ਨੇ ਕੀ ਕੀਤੈ



ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਸੰਗਰੂਰ ਜ਼ਿਲੇ ਦੇ ਭਗਵਾਨਪੁਰ ਪਿੰਡ ਵਿੱਚ ਦੋ ਸਾਲ ਦੇ ਬੱਚੇ ਫਤਿਹਵੀਰ ਦੀ ਬੋਰਵੈਲ ਵਿੱਚ ਡਿੱਗਣ ਨਾਲ ਹੋਈ ਮੌਤ ਦੇ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਐਡਵੋਕੇਟ ਵਿਕਰਮ ਸਿੰਘ ਬਾਜਵਾ ਵੱਲੋਂ ਦਾਖਲ ਕੀਤੀ ਜਨਹਿਤ ਪਟੀਸ਼ਨ 'ਤੇ ਕੱਲ੍ਹ ਵਿਸ਼ੇਸ਼ ਸੁਣਵਾਈ ਹੋਈ। ਇਸ ਮੌਕੇ ਕੋਰਟ ਨੇ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਤੋਂ ਤਿੰਨ ਜੁਲਾਈ ਤੱਕ ਸਟੇਟਸ ਰਿਪੋਰਟ ਤਲਬ ਕਰ ਲਈ ਅਤੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸੁਨਾਮ (ਸੰਗਰੂਰ) ਦੇ ਪ੍ਰਬੰਧਕੀ ਅਧਿਕਾਰੀਆਂ ਤੋਂ ਵੀ ਤਿੰਨ ਜੁਲਾਈ ਤੱਕ ਜਵਾਬ ਮੰਗਿਆ ਹੈ।

ਇਸ ਸੰਬੰਧ ਵਿੱਚ ਹਾਈ ਕੋਰਟ ਨੇ ਪੰਜਾਬ ਵਿੱਚ ਪਾਣੀ ਦੀ ਕਮੀ ਬਾਰੀ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਵੀ ਰਾਜਸਥਾਨ ਨਾ ਬਣ ਜਾਵੇ। ਹਾਈ ਕੋਰਟ ਨੇ ਕਿਹਾ ਕਿ ਜੇ ਰਾਜ ਵਿੱਚ ਪਾਣੀ ਦੀ ਕਮੀ ਦੂਰ ਹੋ ਜਾਵੇ ਤਾਂ ਬੋਰਵੈਲ ਹੋਣਗੇ ਹੀ ਨਹੀਂ। ਜੱਜ ਸਾਹਿਬਾਨ ਨੇ ਕਿਹਾ ਕਿ ਪੰਜਾਬ ਵਿੱਚ ਡਾਈਵਰਸੀਫਿਕੇਸ਼ਨ ਜ਼ਰੂਰੀ ਹੋ ਗਿਆ ਹੈ, ਜੇ ਏਦਾਂ ਨਾ ਹੋਇਆ ਤਾਂ ਪੰਜਾਬ ਨੂੰ ਰਾਜਸਥਾਨ ਬਣਦੇ ਦੇਰ ਨਹੀਂ ਲੱਗੇਗੀ।

ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਨੂੰ ਨੋਟਿਸ ਜਾਰੀ ਕਰ ਕੇ ਤਿੰਨ ਸਵਾਲਾਂ 'ਤੇ ਸਟੇਟਸ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਵਿੱਚ ਪੁੱਛਿਆ ਹੈ ਕਿ ਪੰਜਾਬ ਸਰਕਾਰ ਨੇ ਬੋਰਵੈਲਾਂ ਨੂੰ ਲੈ ਕੇ ਕੀ ਕੀਤਾ ਹੈ? ਫਤਿਹਵੀਰ ਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ ਅਤੇ ਸਰਕਾਰ ਨੇ ਕਿਹੜੇ ਨਿਯਮ ਬਣਾਏ ਹਨ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੇ ਹਾਦਸੇ ਨਾ ਹੋਣ? ਹਾਈ ਕੋਰਟ ਵੱਲੋਂ ਫਤਿਹਵੀਰ ਵਾਲੇ ਹਾਦਸੇ ਦਾ ਜ਼ਿੰਮੇਵਾਰ ਪੁੱਛੇ ਜਾਣ ਉੱਤੇ ਸਰਕਾਰੀ ਵਕੀਲ ਨੇ ਜਵਾਬ ਦਿੱਤਾ ਕਿ ਕਿਸਾਨ। ਇਸ ਉੱਤੇ ਕੋਰਟ ਨੇ ਕਿਹਾ ਕਿ ਸਰਕਾਰ ਅਜਿਹੇ ਹਾਦਸੇ ਨਜ਼ਰ ਅੰਦਾਜ਼ ਨਹੀਂ ਕਰ ਸਕਦੀ। ਕੇਂਦਰ ਸਰਕਾਰ ਦੇ ਵਕੀਲ ਸਤਿਆਪਾਲ ਜੈਨ ਨੇ ਕਿਹਾ ਕਿ ਐੱਨ ਡੀ ਆਰ ਐੱਫ ਨੇ ਆਪਣਾ ਕੰਮ ਪੂਰੀ ਤਨਦੇਹੀ ਨਾਲ ਕੀਤਾ, ਪਰ ਸਟੇਟ ਨੇ ਬਾਕੀ ਬੋਰਵੈਲ ਬੰਦ ਕਰਨ ਲਈ ਕੀ ਕੀਤਾ, ਇਹ ਜਾਨਣਾ ਜ਼ਰੂਰੀ ਹੈ। ਸਤਿਆਪਾਲ ਜੈਨ ਨੇ ਕਿਹਾ ਕਿ ਹਾਦਸੇ ਲਈ ਜੋ ਵੀ ਜ਼ਿੰਮੇਵਾਰ ਹੈ, ਉਸ ਉਤੇ ਕਾਰਵਾਈ ਕੀਤੀ ਜਾਵੇ। ਜਿਨ੍ਹਾਂ ਨੇ ਬੋਰਵੈਲ ਬਣਾਇਆ ਹੈ, ਕੀ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਨਿਰੇਦਸ਼ਾਂ ਨੂੰ ਫਾਲੋ ਕੀਤਾ ਸੀ, ਇਹ ਜਾਨਣਾ ਜ਼ਰੂਰੀ ਹੈ, ਕਿਉਂਕਿ ਜਦੋਂ ਤੱਕ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ ਜਾਵੇਗੀ, ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ।

ਪਟੀਸ਼ਨਰ ਦੇ ਵਕੀਲ ਨੇ ਐਨ ਡੀ ਆਰ ਐਫ ਦੇ ਆਪਰੇਸ਼ਨ ਬਾਰੇ ਸਵਾਲ ਚੁੱਕੇ, ਜਿਸ 'ਤੇ ਕੋਰਟ ਨੇ ਕਿਹਾ ਕਿ ਕੀ ਤੁਸੀਂ ਦੱਸ ਸਕਦੇ ਹੋ ਕਿ ਕਿਹੜੀ ਟੈਕਨਾਲੋਜੀ ਦੀ ਵਰਤੋਂ ਕੀਤੀ ਗਈ ਅਤੇ ਕੀ ਤੁਸੀਂ ਟੈਕਨੀਕਲ ਮਾਹਰ ਹੋ, ਜੋ ਸਵਾਲ ਉਠਾ ਰਹੇ ਹੋ। ਕੋਰਟ ਨੇ ਕਿਹਾ ਕਿ ਪੈਡੀ ਸੀਜ਼ਨ ਚੱਲ ਰਿਹਾ ਹੈ, ਕਿਸਾਨ ਪਾਣੀ ਲਈ ਬੋਰਵੈਲ ਬਣਾਉਣਗੇ, ਇਸ ਲਈ ਪਟੀਸ਼ਨ 'ਤੇ ਨੋਟਿਸ ਲਿਆ ਜਾ ਰਿਹਾ ਹੈ। ਕੋਰਟ ਨੇ ਪੰਜਾਬ ਅਤੇ ਕੇਂਦਰ ਸਰਕਾਰ ਅਤੇ ਹੋਰ ਧਿਰਾਂ ਤੋਂ ਜਵਾਬ ਤਲਬ ਕੀਤਾ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਪਾਲਣ ਕਿਉਂ ਨਹੀਂ ਹੋ ਰਿਹਾ। ਸਰਕਾਰ ਚੈਕ ਕਰੇ ਕਿ ਕਿੱਥੇ ਬੋਰਵੈਲ ਪੁੱਟੇ ਜਾ ਰਹੇ ਹਨ ਅਤੇ ਉਨ੍ਹਾਂ ਦਾ ਸਾਈਜ਼ ਕਿੰਨਾ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਪਾਲਣ ਹੋ ਰਿਹਾ ਹੈ ਜਾਂ ਨਹੀਂ।

## ਬੀ ਐਸ ਐਫ ਨੇ ਪਾਕਿਸਤਾਨ ਜਾਣ ਲੱਗੀ ਨੀਦਰਲੈਂਡ ਵਾਸੀ ਔਰਤ ਗ੍ਰਿਫਤਾਰ ਕੀਤੀ

ਅਟਾਰੀ, 18 ਜੂਨ (ਪੋਸਟ ਬਿਊਰੋ)- ਕੱਲ੍ਹ ਰਾਤ ਬੀ ਐਸ ਐਫ ਦੀ ਦੇ ਜਵਾਨਾਂ ਨੇ ਭਾਰਤ ਪਾਕਿਤਾਨ ਸਰਹੱਦ ਦੀ ਬਾਹਰੀ ਸਰਹੱਦੀ ਚੌਕੀ ਕਾਹਨਗੜ੍ਹ ਨੇੜੇ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰਦਿਆਂ ਨੀਦਰਲੈਂਡ ਦੀ ਵਾਸੀ ਔਰਤ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਥਾਣਾ ਘਰਿੰਡਾ 'ਚ ਪਰਚਾ ਦਰਜ ਕਰਵਾ ਦਿੱਤਾ ਹੈ।



ਪਤਾ ਲੱਗਾ ਹੈ ਕਿ ਕਾਹਨਗੜ੍ਹ ਚੌਕੀ ਨੇੜਲੀ ਸਰਹੱਦੀ ਚੌਕੀ ਕੋਲ ਡਿਊਟੀ ਦੇ ਰਹੇ ਬੀ ਐਸ ਐਫ ਦੇ ਹੌਲਦਾਰ ਨੇਤਰਪਾਲ ਅਤੇ ਸਿਪਾਹੀ ਆਸ਼ੂਤੋਸ਼ ਨੇ ਕੁਝ ਹਲਚਲ ਦੇਖੀ ਤਾਂ ਉਨ੍ਹਾਂ ਵੱਲੋਂ ਕੰਡਿਆਲੀ ਤਾਰ ਦੇ ਆਸ ਪਾਸ ਜਾਂਚ ਕੀਤੀ ਗਈ। ਉਨ੍ਹਾਂ ਦੇਖਿਆ ਕਿ ਇਕ ਔਰਤ ਤਾਰਾਂ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨੂੰ ਬੀ ਐਸ ਐਫ ਦੀ ਮਹਿਲਾ ਥਾਣੇਦਾਰ ਨੇ ਕਾਬੂ ਕਰ ਲਿਆ। ਇਸ ਔਰਤ ਦੀ ਪਛਾਣ ਮਾਲਾਗੋਨ ਡਾਇਨਾ ਵਾਸੀ ਨੀਦਰਲੈਂਡ (ਯੂਰਪ) ਵਜੋਂ ਹੋਈ ਹੈ। ਉਸ ਕੋਲੋਂ ਕੀਤੀ ਮੁੱਢਲੀ ਪੁੱਛਗਿੱਛ 'ਚ ਸਾਹਮਣੇ ਆਇਆ ਕਿ ਉਕਤ ਔਰਤ ਦੇ ਵੀਜ਼ੇ ਦੀ ਮਿਆਦ ਮੁੱਕ ਚੁੱਕੀ ਸੀ ਅਤੇ ਉਹ ਰੇਲਵੇ ਲਾਇਨ ਰਸਤੇ ਪਾਕਿਸਤਾਨ ਜਾਣਾ ਚਾਹੁੰਦੀ ਸੀ, ਪਰ ਜ਼ੀਰੋ ਲਾਇਨ ਉੱਤੇ ਮੁਸਤੈਦ ਬੀ ਐਸ ਐਫ ਦੇ ਜਵਾਨਾਂ ਨੇ ਇਸ ਨੂੰ ਗ੍ਰਿਫਤਾਰ ਕਰ ਲਿਆ। ਇਸ ਔਰਤ ਖਿਲਾਫ ਥਾਣਾ ਘਰਿੰਡਾ ਵਿੱਚ ਪਰਚਾ ਦਰਜ ਕਰ ਲਿਆ ਗਿਆ ਹੈ।

## ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਸ਼ਾਹ ਹੋਣਗੇ 'ਸ਼ਾਹ', ਸੁਖਬੀਰ ਬਾਦਲ ਦੀ ਦਾਲ ਨਹੀਂ ਗਲੇਗੀ

ਲੁਧਿਆਣਾ, 18 ਜੂਨ (ਪੋਸਟ ਬਿਊਰੋ)- ਪੰਜਾਬ ਦੇ ਗੁਆਂਢੀ ਰਾਜ ਹਰਿਆਣੇ ਵਿੱਚ ਅਕਤੂਬਰ ਵਿੱਚ ਵਿਧਾਨ ਸਭਾ ਚੋਣਾਂ ਹੋਣ ਦੀ ਤਰੀਕ ਨੇੜੇ ਆਉਂਦੀ ਵੇਖ ਕੇ ਭਾਜਪਾ ਦੀ ਪੰਜਾਬ ਵਿਚਲੀ ਭਾਈਵਾਲ ਪਾਰਟੀ ਅਕਾਲੀ ਦਲ ਵੱਲੋਂ ਇਸ ਵਾਰ ਹਰਿਆਣੇ ਦੇ ਦੋ ਦਰਜਨ ਹਲਕਿਆਂ ਤੋਂ ਚੋਣ ਲੜਨ ਦੀਆਂ ਵਿਉਂਤਾਂ ਲੱਗ ਰਹੀਆਂ ਹਨ, ਪਰ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਇਨ੍ਹਾਂ ਵਿਉਂਤਾਂ ਨੂੰ ਸਫਲ ਨਹੀਂ ਹੋਣ ਦੇਣਗੇ।



ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣੇ ਵਿੱਚ ਆਪਣੇ ਪੱਧਰ ਉੱਤੇ ਸਰਵੇ ਕਰਵਾਇਆ ਹੈ, ਜਿਸ ਰਿਪੋਰਟ ਨੂੰ ਅੱਗੇ ਰੱਖ ਕੇ ਦੋ ਦਰਜਨ ਸੀਟਾਂ ਦੀ ਮੰਗ ਕਰ ਸਕਦੇ ਹਨ। ਦੂਜੇ ਪਾਸੇ ਭਾਜਪਾ ਨੂੰ ਇਸ ਗੱਲ ਦਾ ਪਤਾ ਹੈ ਕਿ ਅਕਾਲੀ ਦਲ ਹਰਿਆਣੇ ਵਿੱਚ ਦੋ ਜਾਂ ਤਿੰਨ ਹਲਕਿਆਂ ਤੋਂ ਚੋਣ ਲੜ ਕੇ ਜਿੱਤ ਦਾ ਯਤਨ ਕਰ ਸਕਦਾ ਹੈ। ਇਸ ਤੋਂ ਅੱਗੇ ਉਨ੍ਹਾਂ ਨੂੰ ਟਿਕਟਾਂ ਦੇਣਾ ਵੀ ਟਿਕਟਾਂ ਖਰਾਬ ਕਰਨਾ ਹੋਵੇਗਾ। ਜਾਣਕਾਰ ਸੂਤਰਾਂ ਦੇ ਮੁਤਾਬਕ ਇਸ ਵਾਰੀ ਸੁਖਬੀਰ ਸਿੰਘ ਬਾਦਲ ਹਰਿਆਣੇ ਵਿੱਚ ਆਪਣੀ ਸਿਆਸੀ ਦਾਲ ਰਿੰਨ੍ਹਣ ਦੀ ਵਿਉਂਤ ਬਣਾ ਰਹੇ ਹਨ, ਪਰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੇ ਹੁੰਦਿਆਂ ਉਨ੍ਹਾਂ ਦੀ ਦਾਲ ਗਲਣੀ ਔਖੀ ਹੈ। ਦੱਸਿਆ ਜਾਂਦਾ ਹੈ ਕਿ ਕੇਵਲ ਦੋ ਜਾਂ ਤਿੰਨ ਸੀਟਾਂ ਉੱਤੇ ਸਬਰ ਕਰਨਾ ਪਵੇਗਾ, ਕਿਉਂਕਿ ਭਾਜਪਾ ਦੇ ਪ੍ਰਧਾਨ ਹਰਿਆਣੇ ਵਿੱਚ ਅਸਲੀ ਸ਼ਾਹ ਹੋਣਗੇ।

ਉਂਜ ਪੰਜਾਬ ਦੇ ਤਾਜ਼ੇ ਹਾਲਾਤ ਦੀ ਰਿਪੋਰਟ ਵੀ ਭਾਜਪਾ ਕੋਲ ਪੁੱਜ ਗਈ ਹੈ ਕਿ ਸਾਰੇ ਅਕਾਲੀਆਂ ਦਾ ਹਾਰ ਜਾਣਾ ਤੇ ਕੇਵਲ ਬਾਦਲ ਪਰਵਾਰ ਦਾ ਜਿੱਤਣਾ ਅਤੇ ਭਾਜਪਾ ਵੱਲੋਂ ਤਿੰਨ ਸੀਟਾਂ 'ਤੇ ਚੋਣ ਲੜਨਾ ਅਤੇ ਦੋ ਸੀਟਾਂ 'ਤੇ ਜਿੱਤਣਾ ਕਿਸੇ ਤੋਂ ਛੁਪਿਆ ਨਹੀਂ। ਇਸ ਲਈ ਭਾਜਪਾ ਅਕਾਲੀ ਦਲ ਨੂੰ ਟਿਕਾਣੇ ਰੱਖਣਾ ਚਾਹੁੰਦੀ ਹੈ।


## ਕਾਰ ਤੇ ਬਾਈਕ ਦੀ ਟੱਕਰ ਵਿੱਚ ਔਰਤ ਦੀ ਮੌਤ

ਜਲੰਧਰ, 18 ਜੂਨ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਜਲੰਧਰ-ਫਗਵਾੜਾ ਹਾਈਵੇ 'ਤੇ ਮੈਕਡੋਨਲਡਜ਼ ਦੇ ਨੇੜੇ ਕਾਰ ਅਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਮੋਟਰ ਸਾਈਕਲ ਸਵਾਰ ਔਰਤ ਦੀ ਮੌਤ ਹੋ ਗਈ ਅਤੇ ਉਸ ਦਾ ਪਤੀ ਗੰਭੀਰ ਜ਼ਖਮੀ ਹੋ ਗਿਆ। ਪਰਾਗਪੁਰ ਚੌਕੀ ਨੇ ਕਾਰ ਚਾਲਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕਾ ਦੀ ਪਛਾਣ ਨੀਲਮ ਪਤਨੀ ਰਣਜੀਤ ਸਿੰਘ ਵਾਸੀ ਲੁਧਿਆਣਾ ਦੇ ਤੌਰ 'ਤੇ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਇੱਕ ਕਾਰ ਫਗਵਾੜਾ ਵੱਲੋਂ ਜਲੰਧਰ ਵੱਲ ਆ ਰਹੀ ਸੀ। ਅਚਾਨਕ ਹਾਈਵੇ 'ਤੇ ਕਾਰ ਨੇ ਬ੍ਰੇਕ ਲਾ ਦਿੱਤੀ ਜਿਸ ਕਾਰਨ ਉਸ ਦੇ ਪਿੱਛੇ ਆ ਰਹੀ ਬਾਈਕ ਸਵਾਰ ਜੋੜੇ ਰਣਜੀਤ ਸਿੰਘ ਅਤੇ ਨੀਲਮ ਲੁਧਿਆਣਾ ਵਾਸੀ ਕਾਰ ਦੇ ਸ਼ੀਸ਼ੇ ਨਾਲ ਜਾ ਟਕਰਾਏ। ਹਾਦਸੇ ਵਿੱਚ ਔਰਤ ਦੇ ਸਿਰ 'ਤੇ ਡੂੰਘੀ ਸੱਟ ਲੱਗੀ। ਇਸ ਦੌਰਾਨ ਪੀ ਸੀ ਆਰ ਦੇ ਮੁਲਾਜ਼ਮ ਨਰੇਸ਼ ਕੁਮਾਰ ਅਤੇ ਮਨਪ੍ਰੀਤ ਸਿੰਘ ਨੇ ਜ਼ਖਮੀਆਂ ਨੂੰ ਜੌਹਲ ਹਸਪਤਾਲ ਪੁਚਾਇਆ, ਪਰਾਗਪੁਰ ਦੀ ਪੁਲਸ ਅੱਧਾ ਘੰਟੇ ਬਾਅਦ ਹਸਪਤਾਲ ਪਹੁੰਚੀ। ਇਲਾਜ ਦੌਰਾਨ ਔਰਤ ਨੇ ਦਮ ਤੋੜ ਦਿੱਤਾ। ਥਾਣਾ ਕੈਂਟ ਦੀ ਚੌਕੀ ਪਰਾਗਪੁਰ ਨੇ ਕਾਰ ਛੱਡ ਕੇ ਫਰਾਰ ਹੋਏ ਚਾਲਕ ਦੇ ਖਿਲਾਫ ਮਾਮਲਾ ਦਰਜ ਕਰਦੇ ਹੋਏ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਮਾਈਨਿੰਗ ਲਈ ਖੱਡਾਂ ਦੀ ਨਿਲਾਮੀ ਨੂੰ ਚੁਣੌਤੀ ਦਾ ਨੋਟਿਸ ਜਾਰੀ

ਚੰਡੀਗੜ੍ਹ, 18 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਮਾਈਨਿੰਗ ਲਈ ਖੱਡਾਂ ਦੀ ਨਿਲਾਮੀ ਲਈ ਜਾਰੀ ਕੀਤੇ ਨੋਟਿਸ ਨੂੰ ਪੰਜਾਬ ਹਰਿਆਣਾ ਹਾਈ ਕੋਰਟ 'ਚ ਲੋਕਹਿੱਤ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਗਈ ਹੈ। ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਤੇ ਮਾਮਲੇ ਦੀ ਸੁਣਵਾਈ ਇਕ ਜੁਲਾਈ ਲਈ ਮੁਲਤਵੀ ਕਰ ਦਿੱਤੀ ਹੈ।




ਇਸ ਪਟੀਸ਼ਨ 'ਚ ਕਿਹਾ ਗਿਆ ਕਿ ਸਰਕਾਰ ਨੇ ਬਗੈਰ ਖਸਰਾ ਨੰਬਰ ਦੱਸਿਆਂ ਦਸੰਬਰ 2018 ਵਿੱਚ ਨਿਲਾਮੀ ਨੋਟਿਸ ਜਾਰੀ ਕੀਤਾ ਸੀ ਤੇ ਇਸ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ 'ਤੇ ਹਾਈ ਕੋਰਟ ਨੇ ਸਰਕਾਰ ਨੂੰ ਕਈ ਤਰ੍ਹਾਂ ਦੀਆਂ ਹਦਾਇਤਾਂ ਦਿੱਤੀਆਂ ਸੀ। ਪਟੀਸ਼ਨ ਦਾ ਨਿਪਟਾਰਾ ਕਰਦਿਆਂ ਹਾਈ ਕੋਰਟ ਨੇ ਕਿਹਾ ਸੀ ਕਿ ਭਾਵੇਂ ਮਾਈਨਿੰਗ ਨੀਤੀ ਸਹੀ ਹੈ, ਪਰ ਨਿਲਾਮ ਕੀਤੇ ਜਾਣ ਵਾਲੀ ਖੱਡ ਦਾ ਖੇਤਰ ਤੈਅ ਹੋਣਾ ਚਾਹੀਦਾ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਡਿਵੀਜ਼ਨ ਬੈਂਚ ਵੱਲੋਂ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਸਰਕਾਰ ਨੇ ਫਿਰ ਨਾ ਖੱਡਾਂ ਦੀਆਂ ਨਿਸ਼ਾਨਦੇਹੀ ਕਰਵਾਈਆਂ ਤੇ ਨਾ ਵਾਤਾਵਰਣ ਦੇ ਨਿਯਮਾਂ ਮੁਤਾਬਕ ਕੋਈ ਅਧਿਐਨ ਕਰਵਾਇਆ ਕਿ ਕਿਸ ਖੱਡ ਵਿੱਚੋਂ ਕਿੰਨਾ ਰੇਤ ਜਾਂ ਬਜਰੀ ਨਿਕਲੇਗਾ ਤੇ ਕੁਦਰਤੀ ਤੌਰ 'ਤੇ ਕਿੰਨਾ ਸਾਮਾਨ ਹੋਰ ਆਵੇਗਾ। ਖੱਡਾਂ ਦੀ ਨਿਸ਼ਾਨਦੇਹੀ ਨਾ ਹੋਣ ਨਾਲ ਇਸ ਗੱਲ ਦਾ ਪਤਾ ਨਹੀਂ ਚੱਲੇਗਾ ਕਿ ਕਿੱਥੋਂ ਕਿੰਨਾ ਸਾਮਾਨ ਕੱਢਿਆ ਗਿਆ। ਪਟੀਸ਼ਨਰ ਨੇ ਇਸ ਨਿਲਾਮੀ ਨੋਟਿਸ ਨੂੰ ਗੈਰ ਕਾਨੂੰਨੀ ਤੇ ਹਾਈ ਕੋਰਟ ਦੀਆਂ ਹਦਾਇਤਾਂ ਦੀ ਅਣਦੇਖੀ 'ਚ ਜਾਰੀ ਕੀਤਾ ਨੋਟਿਸ ਦੱਸਿਆ ਹੈ। ਪਟੀਸ਼ਨਰ ਨੇ ਇਹ ਵੀ ਕਿਹਾ ਕਿ ਨਿਲਾਮੀ ਲਈ ਨੋਟਿਸ ਹਾਈ ਕੋਰਟ 'ਚ ਛੁੱਟੀਆਂ ਪੈਣ ਦੇ ਅਖੀਰਲੇ ਦਿਨ ਕੱਢਿਆ ਗਿਆ ਅਤੇ ਟੈਂਡਰ ਭਰਨ ਦਾ ਸਮਾਂ ਵੀ ਛੁੱਟੀਆਂ ਖਤਮ ਹੋਣ ਉਪਰੰਤ ਮੁੜ ਹਾਈ ਕੋਰਟ ਸ਼ੁਰੂ ਹੋਣ ਵਾਲੇ ਦਿਨ ਇਕ ਜੁਲਾਈ ਦਾ ਰੱਖਿਆ ਗਿਆ ਹੈ।

ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ, ਪਰ ਨਿਲਾਮੀ 'ਤੇ ਰੋਕ ਨਹੀਂ ਲਾਈ ਤੇ ਸੁਣਵਾਈ ਇਕ ਜੁਲਾਈ ਲਈ ਤੈਅ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਅਫਸਰ ਪਹਿਲਾਂ ਤੋਂ ਮੌਜੂਦ ਸਨ ਤੇ ਹਾਈ ਕੋਰਟ ਨੇ ਪੁੱਛਿਆ ਹੈ ਕਿ ਨਿਲਾਮ ਕੀਤੀਆਂ ਜਾਣ ਵਾਲੀਆਂ ਖੱਡਾਂ ਦੀ ਨਿਸ਼ਾਨਦੇਹੀ ਲਈ ਕੀ ਅਧਿਐਨ ਕੀਤਾ ਗਿਆ। ਸਰਕਾਰ ਕੋਲੋਂ ਜ਼ਿਲਿਆਂ ਦੇ ਮੁਤਾਬਕ ਸਰਵੇਖਣ ਰਿਪੋਰਟ ਤਲਬ ਕੀਤੀ ਹੈ।

## ਢਾਈ ਲੱਖ ਦੀ ਲੁੱਟ ਦਾ ਸਾਜ਼ਿਸ਼ੀਆ ਸੱਤ ਸਾਥੀਆਂ ਸਮੇਤ ਕਾਬੂ

ਜਲੰਧਰ, 18 ਜੂਨ (ਪੋਸਟ ਬਿਊਰੋ)- ਇਸ ਜ਼ਿਲੇ ਦੀ ਦਿਹਾਤੀ ਪੁਲਸ ਨੇ ਨਕੋਦਰ ਵਿੱਚ ਛੇ ਦਿਨ ਪਹਿਲਾਂ ਖੁਸ਼ੀ ਸਕੈਨ ਸੈਂਟਰ ਦੇ ਕਾਰਿੰਦੇ ਤੋਂ ਢਾਈ ਲੱਖ ਰੁਪਏ ਦੀ ਲੁੱਟ ਅਤੇ ਐਤਵਾਰ ਹੋਈ ਸੱਤਰ ਹਜ਼ਾਰ ਦੀ ਲੁੱਟ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਅੱਠ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਇੱਕ ਦੋਸ਼ੀ ਸਕੈਨ ਸੈਂਟਰ ਵਿੱਚ ਹੀ ਕੰਮ ਕਰਦਾ ਸੀ, ਜਿਸ ਨੇ ਲੁੱਟ ਦਾ ਪਲਾਨ ਬਣਾਇਆ ਸੀ। ਦੋਸ਼ੀਆਂ ਦੀ ਪਛਾਣ ਨਕੋਦਰ ਦੇ ਮੁਹੱਲਾ ਟੰਡਨਾ ਵਾਸੀ ਸ਼ਿਵਮ (21), ਬਲ ਹੁਕਮੀ ਦੇ ਰਵਿੰਦਰ ਕੁਮਾਰ ਉਰਫ ਰਵੀ (24), ਪਿੰਡ ਮੀਰਪੁਰ ਦੇ ਜਗਜੀਵਨ ਕੁਮਾਰ ਉਰਫ ਜੀਵਨ (28), ਮੁਹੱਲਾ ਕ੍ਰਿਸ਼ਨ ਨਗਰ ਨਕੋਦਰ ਦੇ ਹਰੀਸ਼ ਕੁਮਾਰ ਉਰਫ ਰਿੰਕੂ (23), ਮਹਿਤਪੁਰ ਦੇ ਪਿੰਡ ਮੰਡਿਆਲਾ ਦੇ ਜਤਿੰਦਰ ਉਰਫ ਸੰਜੂ (24), ਅਰਜੁਨ ਨਗਰ ਨਕੋਦਰ ਦੇ ਹਰਦੇਵ ਕੁਮਾਰ ਉਰਫ ਹੈਪੀ (23) ਤੇ ਪਿੰਡ ਤਲਵੰਡੀ ਦੇ ਅਮਰਜੀਤ ਸਿੰਘ ਉਰਫ ਅਮਿਤ (21) ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਦੋਸ਼ੀਆਂ ਤੋਂ ਤਿੰਨ ਮੋਟਰ ਸਾਈਕਲ, ਦੋ ਦਾਤਰ, ਦੋ ਕਿਰਪਾਨਾਂ, ਦੋ ਲੋਹੇ ਦੀਆਂ ਰਾਡਾਂ, ਇੱਕ ਲੋਹੇ ਦਾ ਪਾਈਪ, ਇੱਕ ਕਮਾਨੀਦਾਰ ਚਾਕੂ ਅਤੇ 1.70 ਲੱਖ ਰੁਪਏ ਬਰਾਮਦ ਕੀਤੇ ਹਨ।



ਫੜੇ ਗਏ ਮੁਲਜ਼ਿਮਾਂ ਅਤੇ ਬਰਾਮਦ ਸਮਾਨ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਦੇ ਸੀਨੀਅਰ ਅਧਿਕਾਰੀ।

ਕੱਲ੍ਹ ਦਿਹਾਤੀ ਜ਼ਿਲੇ ਦੇ ਐੱਸ ਐੱਸ ਪੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ 10 ਜੂਨ ਸ਼ਾਮ ਨੂੰ ਨਕੋਦਰ ਵਿੱਚ ਖੁਸ਼ੀ ਸਕੈਨ ਸੈਂਟਰ ਦੇ ਦੋ ਕਾਰਿੰਦੇ ਅਭਿ ਸ਼ਰਮਾ ਤੇ ਸ਼ਿਵਮ ਬਾਈਕ 'ਤੇ ਡੇਲੀ ਸੇਲ ਦੇ ਢਾਈ ਲੱਖ ਰੁਪਏ ਜਮ੍ਹਾ ਕਰਾਉਣ ਬੈਂਕ ਜਾ ਰਹੇ ਸਨ। ਇਸ ਦੌਰਾਨ ਗੁਰੂ ਤੇਗ ਬਹਾਦਰ ਨਗਰ ਦੇ ਨੇੜੇ ਬਾਈਕ ਸਵਾਰ ਦੋ ਨਕਾਬਪੋਸ਼ ਨੌਜਵਾਨਾਂ ਨੇ ਅਭਿ 'ਤੇ ਦਾਤਰ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ ਅਤੇ ਉਸ ਕੋਲੋਂ ਢਾਈ ਲੱਖ ਰੁਪਏ ਖੋਹ ਲਏ। ਇਸ ਪਿੱਛੋਂ ਐਤਵਾਰ ਨੂੰ ਇਲਾਕੇ ਵਿੱਚ ਇੱਕ ਵਿਅਕਤੀ ਤੋਂ ਸੱਤਰ ਹਜ਼ਾਰ ਰੁਪਏ ਦੀ ਲੁੱਟ ਹੋ ਗਈ। ਸੀ ਸੀ ਟੀ ਵੀ ਫੁਟੇਜ ਦੇਖਣ 'ਤੇ ਸਾਹਮਣੇ ਆਇਆ ਕਿ ਦੋਵੇਂ ਵਾਰਦਾਤਾਂ ਇੱਕੋ ਗਿਰੋਹ ਨੇ ਕੀਤੀਆਂ ਹਨ। ਸੀ ਸੀ ਟੀ ਵੀ ਫੁਟੇਜ ਵਿੱਚ ਕੈਦ ਲੁਟੇਰਿਆਂ ਦੇ ਹੁਲੀਏ ਤੋਂ ਉਨ੍ਹਾਂ ਬਾਰੇ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਸ਼ਨੀਵਾਰ ਦੇਰ ਸ਼ਾਮ ਉਨ੍ਹਾਂ ਨੂੰ ਪਤਾ ਲੱਗਾ ਕਿ ਲੁਟੇਰੇ ਗੁਰੂ ਨਾਨਕ ਨੈਸ਼ਨਲ ਕਾਲਜ ਰੋਡ, ਨਕੋਦਰ ਦੇ ਨੇੜੇ ਗਰਾਊਂਡ ਵਿੱਚ ਮੌਜੂਦ ਹਨ। ਪੁਲਸ ਨੇ ਤੁਰੰਤ ਮੌਕੇ 'ਤੇ ਰੇਡ ਕਰ ਕੇ ਉਥੋਂ ਅੱਠ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ। ਐੱਸ ਐੱਸ ਪੀ ਨੇ ਦੱਸਿਆ ਕਿ ਦੋਸ਼ੀਆਂ ਨੇ ਛੇ ਦਿਨਾਂ ਵਿੱਚ ਕੁੱਲ 3.20 ਲੱਖ ਦੀ ਨਕਦੀ ਲੁੱਟੀ ਸੀ, ਜਿਸ ਵਿੱਚੋਂ 1.70 ਲੱਖ ਪੁਲਸ ਨੇ ਬਰਾਮਦ ਕਰ ਲਏ ਹਨ। ਬਾਕੀ ਨਕਦੀ ਦੇ ਬਾਰੇ ਪੁੱਛਗਿੱਛ ਜਾਰੀ ਹੈ। ਐਸ ਐਸ ਪੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਉਹ ਨਕੋਦਰ ਦੇ ਬੈਂਕ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਸਨ।

ਐੱਸ ਐੱਸ ਪੀ ਨੇ ਦੱਸਿਆ ਕਿ ਲੁੱਟ ਦਾ ਮਾਸਟਰ ਪਲਾਨ ਸਕੈਨ ਸੈਂਟਰ ਦੇ ਕਾਰਿੰਦੇ ਦੋਸ਼ੀ ਸ਼ਿਵਮ ਨੇ ਬਣਾਇਆ ਸੀ। ਸ਼ਿਵਮ ਨੇ ਆਪਣੇ ਸਾਥੀਆਂ ਨੂੰ ਕਿਹਾ ਸੀ ਕਿ ਹਰ ਹਫਤੇ ਉਹ ਸਾਥੀ ਕਰਮਚਾਰੀ ਨਾਲ ਸੈਂਟਰ ਤੋਂ ਲੱਖਾਂ ਰੁਪਏ ਬੈਂਕ ਵਿੱਚ ਜਮ੍ਹਾ ਕਰਾਉਣ ਜਾਂਦਾ ਹੈ। ਪਲਾਨ ਬਣਾ ਕੇ ਇਹ ਨਕਦੀ ਲੁੱਟ ਸਕਦੇ ਹਨ। 10 ਜੂਨ ਨੂੰ ਸ਼ਿਵਮ ਸਾਥੀ ਕਰਮਚਾਰੀ ਅਭਿ ਦੇ ਨਾਲ ਬੈਂਕ ਵਿੱਚ ਪੈਸੇ ਜਮ੍ਹਾ ਕਰਾਉਣ ਜਾ ਰਿਹਾ ਸੀ।

## ਸਟੇਟ ਬੈਂਕ ਦੇ ਅਫਸਰ ਨੂੰ 25 ਹਜ਼ਾਰ ਰੁਪਏ ਜੁਰਮਾਨਾ

ਜਲੰਧਰ, 18 ਜੂਨ (ਪੋਸਟ ਬਿਊਰੋ)- ਜ਼ਿਲਾ ਖਪਤਕਾਰ ਫੋਰਮ ਨੇ ਬੈਂਕ 'ਚੋਂ ਰਾਸ਼ੀ ਕਢਵਾਉਣ 'ਚ ਮਹੀਨੇ ਤੋਂ ਵੀ ਵੱਧ ਦੇ ਦੇਰੀ ਦੇ ਇਕ ਕੇਸ ਵਿੱਚ ਮਹਿਲਾ ਅਫਸਰ ਨੂੰ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਅਤੇ ਫੈਸਲੇ 'ਚ ਕਿਹਾ ਹੈ ਕਿ ਸਬੰਧਤ ਮਹਿਲਾ ਅਫਸਰ ਨੂੰ ਇਸ ਜੁਰਮਾਨੇ ਦੀ ਅਦਾਇਗੀ 30 ਦਿਨਾਂ ਦੇ ਅੰਦਰ ਕਰਨੀ ਪਵੇਗੀ।

ਸ਼ਿਕਾਇਤ ਕਰਤਾ ਹਰਨਾਮ ਦਾਸ ਮਹੇ ਪਿੰਡ ਲਿੱਧੜਾਂ ਨੇ ਦੱਸਿਆ ਕਿ ਉਹ ਸਟੇਟ ਬੈਂਕ ਆਫ ਇੰਡੀਆ ਦੇ ਸੇਵਾ ਮੁਕਤ ਅਧਿਕਾਰੀ ਹਨ। 14 ਅਗਸਤ 2015 ਨੂੰ ਉਹ ਸਟੇਟ ਬੈਂਕ ਆਫ ਇੰਡੀਆ ਦੀ ਸਬਜ਼ੀ ਮੰਡੀ ਮਕਸੂਦਾਂ ਦੀ ਬ੍ਰਾਂਚ ਵਿੱਚ ਆਪਣੇ ਭਰਾ ਦੇ ਖਾਤੇ ਵਿੱਚੋਂ ਅਥਾਰਟੀ ਲੈਟਰ ਰਾਹੀਂ ਰਾਸ਼ੀ ਕਢਵਾਉਣ ਗਏ। ਉਥੇ ਮਹਿਲਾ ਅਫਸਰ ਯਸ਼ ਬਾਲਾ ਨੇ ਉਨ੍ਹਾਂ ਨੂੰ ਖਾਤੇ 'ਚੋਂ ਇਹ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਮਾਮਲਾ ਬੈਂਕ ਦੇ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਤਾਂ ਬੈਂਕ ਨੇ ਛਾਣਬੀਣ ਕਰਕੇ 67 ਦਿਨ ਬਾਅਦ ਉਕਤ ਰਾਸ਼ੀ ਦਾ ਭੁਗਤਾਨ ਉਚ ਅਧਿਕਾਰੀਆਂ ਦੀ ਹਾਜ਼ਰੀ 'ਚ ਕੀਤਾ। ਉਨ੍ਹਾਂ ਦੱਸਿਆ ਕਿ ਉਕਤ ਮਹਿਲਾ ਅਫਸਰ ਨੇ ਆਪਣੀ ਗਲਤੀ ਲੁਕਾਉਣ ਲਈ ਉਨ੍ਹਾਂ 'ਤੇ ਹੀ ਦੋਸ਼ ਲਾ ਦਿੱਤੇ, ਜਿਨ੍ਹਾਂ ਦੀ ਬੈਂਕ ਦੇ ਅਧਿਕਾਰੀਆਂ ਨੇ ਜਾਂਚ ਕਰਕੇ ਮਹਿਲਾ ਅਫਸਰ ਨੂੰ ਗਲਤੀ ਮੰਨਣ ਲਈ ਕਿਹਾ। ਮਹਿਲਾ ਅਫਸਰ ਨੇ ਗਲਤੀ ਮੰਨ ਲਈ ਤੇ ਫਿਰ ਰਕਮ ਦੀ ਅਦਾਇਗੀ ਕਰ ਦਿੱਤੀ ਗਈ। ਹਰਨਾਮ ਦਾਸ ਮਹੇ ਨੇ ਦੱਸਿਆ ਕਿ 14 ਅਗਸਤ 2015 ਨੂੰ ਉਨ੍ਹਾਂ ਨੂੰ ਉਕਤ ਰਕਮ ਦੀ ਤੁਰੰਤ ਲੋੜ ਸੀ, ਕਿਉਂਕਿ ਉਨ੍ਹਾਂ ਦੀ ਮਾਤਾ ਹਸਪਤਾਲ ਵਿੱਚ ਇਲਾਜ ਲਈ ਦਾਖਲ ਸੀ। ਆਪਣੇ ਖਾਤੇ ਵਿੱਚ ਰਕਮ ਨਾ ਹੋਣ ਕਰਕੇ ਭਰਾ ਦੀਸ਼ ਕੁਮਾਰ ਦੇ ਖਾਤੇ 'ਚ ਰਕਮ ਕਢਵਾਉਣੀ ਸੀ। ਇਸ ਲਈ ਉਨ੍ਹਾਂ ਆਪਣੇ ਭਰਾ ਦੀਸ਼ ਕੁਮਾਰ ਤੋਂ ਅਥਾਰਟੀ ਲੈਟਰ ਲੈ ਲਿਆ, ਜਿਸ 'ਤੇ ਦੋਵਾਂ ਨੇ ਦਸਖਤ ਕੀਤੇ ਹੋਏ ਸਨ। ਮਹਿਲਾ ਅਫਸਰ ਯਸ਼ ਬਾਲਾ ਵੱਲੋਂ ਰਕਮ ਨਾ ਦੇਣ ਕਾਰਨ ਉਨ੍ਹਾਂ ਨੂੰ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਨ੍ਹਾਂ ਨੇ 8 ਅਗਸਤ 2017 ਨੂੰ ਆਪਣੇ ਵਕੀਲ ਨਰਿੰਦਰ ਸਿੰਘ ਰਾਹੀਂ ਖਪਤਕਾਰ ਫੋਰਮ ਦਾ ਦਰ ਖੜਕਾਇਆ, ਜਿਸ ਦਾ ਫੈਸਲਾ 8 ਜੂਨ ਨੂੰ ਖਪਤਕਾਰ ਫੋਰਮ ਦੇ ਪ੍ਰਧਾਨ ਤੇ ਮੈਂਬਰ ਨੇ ਉਨ੍ਹਾਂ ਦੇ ਹੱਕ ਵਿੱਚ ਕੀਤਾ ਅਤੇ ਬੈਂਕ ਅਫਸਰ ਜੋ ਕਿ ਇਸ ਵੇਲੇ ਐਸ ਬੀ ਆਈ ਜੰਡਿਆਲਾ ਮੰਜਕੀ ਵਿੱਚ ਤਾਇਨਾਤ ਹਨ, ਨੂੰ 25 ਹਜ਼ਾਰ ਰੁਪਏ ਜੁਰਮਾਨਾ ਕੀਤਾ।





# ਤ੍ਰਿਣਮੂਲ ਕਾਂਗਰਸ ਦੇ 12 ਕੌਂਸਲਰ ਅਤੇ ਇਕ ਵਿਧਾਇਕ ਭਾਜਪਾ ਵਿੱਚ ਸ਼ਾਮਲ



ਕੋਲਕਾਤਾ, 18 ਜੂਨ (ਪੋਸਟ ਬਿਊਰੋ)- ਪਿਛਲੇ ਮਹੀਨੇ ਹੋਈਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਚੰਗੀ ਕਾਰਗੁਜ਼ਾਰੀ ਤੋਂ ਬਾਅਦ ਪੱਛਮੀ ਬੰਗਾਲ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ 'ਚ ਲਗਾਤਾਰ ਟੁੱਟ ਦਾ ਸਿਲਸਿਲਾ ਜਾਰੀ ਹੈ। ਕੱਲ੍ਹ ਉਤਰ 24 ਪਰਗਨਾ ਜ਼ਿਲੇ ਦੇ ਨੋਆਪਾੜਾ ਤੋਂ ਤ੍ਰਿਣਮੂਲ ਵਿਧਾਇਕ ਸੁਨੀਲ ਸਿੰਘ ਗਾਰੁਲੀਆ ਨਗਰ ਪਾਲਿਕਾ ਦੇ 12 ਕੌਂਸਲਰਾਂ ਨਾਲ ਭਾਜਪਾ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਦਿੱਲੀ ਭਾਜਪਾ ਹੈਡਕੁਆਰਟਰ ਵਿੱਚ ਭਾਜਪਾ ਨੇਤਾ ਕੈਲਾਸ਼ ਵਿਜੇਵਰਗੀਯ, ਮੁਕੁਲ ਰਾਏ ਤੇ ਬੰਗਾਲ ਭਾਜਪਾ ਦੇ ਪ੍ਰਧਾਨ ਦਲੀਪ ਘੋਸ਼ ਨੇ ਭਾਜਪਾ ਦਾ ਝੰਡਾ ਫੜਾਇਆ।

ਇਸ ਮੌਕੇ ਭਾਜਪਾ ਵਿੱਚ ਸ਼ਾਮਲ ਹੋਏ ਸੁਨੀਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਸਬ ਕਾ ਸਾਥ, ਸਬ ਕਾ ਵਿਕਾਸ' ਵਾਲੀ ਨਾਅਰੇ ਦਾ ਹਿੱਸਾ ਬਣਨਾ ਚਾਹੁੰਦਾ ਸੀ। ਉਨ੍ਹਾਂ ਨੇ ਤ੍ਰਿਣਮੂਲ ਕਾਂਗਰਸ ਦੇ ਸਿੰਡੀਕੇਟ ਰਾਜ ਤੇ ਮਮਤਾ ਬੈਨਰਜੀ ਦੇ ਪਾਰਲੀਮੈਂਟ ਮੈਂਬਰ ਭਤੀਜੇ ਅਭਿਸ਼ੇਕ ਬੈਨਰਜੀ ਉਤੇ ਵੀ ਨਿਸ਼ਾਨਾ ਸਾਧਿਆ। ਵਰਨਣ ਯੋਗ ਹੈ ਕਿ ਸੁਨੀਲ ਸਿੰਘ ਬੈਰਕਪੁਰ ਤੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਅਰਜਨ ਸਿੰਘ ਦੇ ਰਿਸ਼ਤੇਦਾਰ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਰਜਨ ਸਿੰਘ ਤ੍ਰਿਣਮੂਲ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਦੇ ਪਾਰਲੀਮੈਂਟ ਮੈਂਬਰ ਚੁਣੇ ਜਾਣ ਤੋਂ ਬਾਅਦ ਸੁਨੀਲ ਸਿੰਘ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਯਤਨ ਸੁਣੇ ਜਾ ਰਹ ਸਨ। ਇਸ ਦੇ ਮੱਦੇਨਜ਼ਰ ਤ੍ਰਿਣਮੂਲ ਦੇ ਸੁਨੀਲ ਨੂੰ ਜ਼ਿਲੇ 'ਚ ਪਾਰਟੀ ਦੀ ਅਹਿਮ ਜ਼ਿੰਮੇਵਾਰ ਦਿੰਦਿਆਂ ਉਨ੍ਹਾਂ ਦਾ ਕੱਦ ਵਧਾਇਆ ਸੀ, ਪਰ ਤ੍ਰਿਣਮੂਲ ਦਾ ਇਹ ਪੈਂਤੜਾ ਵੀ ਕੰਮ ਨਹੀਂ ਆਇਆ ਅਤੇ ਉਹ ਕੱਲ੍ਹ ਭਾਜਪਾ 'ਚ ਸ਼ਾਮਲ ਹੋ ਗਏ। ਪਾਰਲੀਮੈਂਟ ਮੈਂਬਰ ਅਰਜਨ ਸਿੰਘ ਨੇ ਦਾਅਵਾ ਕੀਤਾ ਕਿ ਆਉਂਦੇ ਦਿਨਾਂ 'ਚ ਕਈ ਤ੍ਰਿਣਮੂਲ ਵਿਧਾਇਕ ਭਾਜਪਾ 'ਚ ਸ਼ਾਮਲ ਹੋਣਗੇ ਤੇ ਤ੍ਰਿਣਮੂਲ ਤੋਂ ਅਗਲੇ ਛੇ ਮਹੀਨਿਆਂ ਤੋਂ ਸੱਤਾ ਖੁੱਸ ਜਾਵੇਗੀ। ਉਨ੍ਹਾਂ ਇਹ ਦਾਅਵਾ ਕੀਤਾ ਕਿ ਜ਼ਿਲੇ ਦੀਆਂ ਪੰਜ ਨਗਰ ਪਾਲਿਕਾਵਾਂ 'ਤੇ ਭਾਜਪਾ ਨੇ ਕਬਜ਼ਾ ਕਰ ਲਿਆ ਹੈ, ਜਦ ਕਿ ਕੱਲ੍ਹ ਬਨਗਾਓਂ ਅਤੇ ਅਗਲੇ ਦਿਨਾਂ 'ਚ ਟੀਟਾਨਗਰ ਸਮੇਤ ਹੋਰ ਕਈ ਨਗਰ ਪਾਲਿਕਾਵਾਂ ਉੱਤੇ ਭਾਜਪਾ ਦਾ ਕਬਜ਼ਾ ਹੋਵੇਗਾ। ਸੁਨੀਲ ਸਿੰਘ ਗਾਰੁਲੀਆ ਨਗਰ ਪਾਲਿਕਾ ਦੇ ਪ੍ਰਧਾਨ ਵੀ ਹਨ। ਇਸ ਨਗਰ ਪਾਲਿਕਾ ਦੇ ਕੁੱਲ 21 ਕੌਂਸਲਰਾਂ ਵਿੱਚ ਇਕ ਕਾਂਗਰਸ ਤੇ ਇਕ ਫਾਰਵਰਡ ਬਲਾਕ ਦਾ ਹੈ। 12 ਕੌਂਸਲਰ ਭਾਜਪਾ 'ਚ ਸ਼ਾਮਲ ਹੋ ਜਾਣ ਨਾਲ ਗਾਰੁਲੀਆ ਨਗਰ ਪਾਲਿਕਾ 'ਤੇ ਵੀ ਭਾਜਪਾ ਦਾ ਕਬਜ਼ਾ ਹੋਣਾ ਤੈਅ ਹੈ।

# ਅਯੋਧਿਆ ਅੱਤਵਾਦੀ ਹਮਲੇ ਦੇ ਕੇਸ ਵਿੱਚ 4 ਦੋਸ਼ੀਆਂ ਨੂੰ ਹੋਈ ਉਮਰ ਕੈਦ



ਪ੍ਰਯਾਗਰਾਜ, 18 ਜੂਨ (ਪੋਸਟ ਬਿਊਰੋ)- ਅਯੋਧਿਆ ਅੱਤਵਾਦੀ ਹਮਲਾ ਕੇਸ ਵਿੱਚ ਅੱਜ ਦੋਸ਼ੀਆਂ ਦਾ ਐਲਾਨ ਹੋ ਗਿਆ ਹੈ। ਇਸ ਵਿੱਚ 4 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਤੇ ਇਕ ਨੂੰ ਛੱਡ ਦਿੱਤਾ ਗਿਆ ਹੈ। ਅੱਜ ਦੁਪਹਿਰ ਪ੍ਰਯਾਗਰਾਜ ਦੀ ਨੈਨੀ ਜੇਲ ਵਿੱਚ ਸਪੈਸ਼ਲ ਕੋਰਟ ਨੇ ਦੋਸ਼ੀਆਂ ਵਿੱਚੋਂ ਇਰਫ਼ਾਨ, ਮੁਹੰਮਦ ਸ਼ਕੀਲ, ਮੁਹੰਮਦ ਨਸੀਮ ਅਤੇ ਆਸਿਫ਼ ਇਕਬਾਲ ਉਰਫ਼ ਫ਼ਾਰੁਖ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਮੁਹੰਮਦ ਅਜੀਜ ਨੂੰ ਛੱਡ ਦਿੱਤਾ।

ਇਸ ਮੌਕੇ ਅਦਾਲਤ ਨੇ ਕਿਹਾ ਕਿ 4 ਅਤਿਵਾਦੀ ਪੂਰੀ ਤਰ੍ਹਾਂ ਘਟਨਾ ਵਿੱਚ ਸ਼ਾਮਲ ਸਨ ਅਤੇ ਲਸ਼ਕਰ-ਏ-ਤੋਇਬਾ ਨੇ ਹਮਲਾ ਕਰਵਾਇਆ ਸੀ। ਅਦਾਲਤ ਨੇ ਦੋਸ਼ੀਆਂ ਨੂੰ 20-20 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸਾਰੀਆਂ ਧਿਰਾਂ ਦੀ ਬਹਿਸ 11 ਜੂਨ ਨੂੰ ਪੂਰੀ ਹੋ ਗਈ ਸੀ, ਜਿਸ ਪਿੱਛੋਂ ਅੱਜ ਦੋਸ਼ੀਆਂ ਦੀ ਸਜ਼ਾ ਦਾ ਐਲਾਨ ਕੀਤਾ ਗਿਆ। ਇਹ ਸਾਰੇ ਦੋਸ਼ੀ ਪ੍ਰਯਾਗਰਾਜ ਦੀ ਨੈਨੀ ਸੈਂਟਰਲ ਜੇਲ ਵਿੱਚ ਬੰਦ ਸਨ। ਅਯੁੱਧਿਆ ਵਿੱਚ ਇਹ ਹਮਲਾ 5 ਜੁਲਾਈ 2005 ਨੂੰ ਉਦੋਂ ਹੋਇਆ, ਜਦੋਂ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਸਨ। ਇਸ ਦੇ ਬਾਵਜੂਦ ਲਸ਼ਕਰ-ਏ-ਤੋਇਬਾ ਦੇ ਅਤਿਵਾਦੀਆਂ ਨੇ ਇਸ ਨੂੰ ਨਿਸ਼ਾਨਾ ਬਣਾਇਆ। ਇਹ ਸਾਰੇ ਅਤਿਵਾਦੀ ਨੇਪਾਲ ਰਸਤੇ ਭਾਰਤ ਵਿੱਚ ਆਏ ਸਨ। ਸੁਰੱਖਿਆ ਏਜੰਸੀਆਂ ਨੇ ਇਕੋ ਘੰਟੇ ਵਿੱਚ ਅਤਿਵਾਦੀਆਂ ਨੂੰ ਮਾਰ ਦਿੱਤਾ ਤੇ ਵੱਡੇ ਖ਼ਤਰੇ ਨੂੰ ਟਾਲ ਲਿਆ ਸੀ। ਅਤਿਵਾਦੀ ਰਾਮ-ਭਗਤ ਵਜੋਂ ਅਯੋਧਿਆ ਵਿੱਚ ਦਾਖ਼ਲ ਹੋਏ ਤੇ ਪੂਰੇ ਇਲਾਕੇ ਦੀ ਰੇਕੀ ਕੀਤੀ ਅਤੇ ਟਾਟਾ ਸੂਮੋ ਵਿੱਚ ਸਫ਼ਰ ਕੀਤਾ ਸੀ। ਹਮਲੇ ਤੋਂ ਪਹਿਲਾਂ ਉਨ੍ਹਾਂ ਨੇ ਰਾਮ ਮੰਦਰ ਦੇ ਦਰਸ਼ਨ ਵੀ ਕੀਤੇ ਸਨ। ਗੱਡੀ ਵਿੱਚ ਸਵਾਰ ਹੋ ਕੇ ਅਤਿਵਾਦੀ ਰਾਮ ਜਨਮ ਭੂਮੀ ਵਿੱਚ ਆਏ ਅਤੇ ਸੁਰੱਖਿਆ ਘੇਰਾ ਤੋੜ ਕੇ ਅੰਦਰ ਗ੍ਰੇਨੇਡ ਸੁੱਟ ਦਿੱਤਾ ਸੀ।

## ਗਰਭਵਤੀ ਔਰਤ ਪੀੜ ਨਾਲ ਤੜਫਦੀ ਰਹੀ, ਡਾਕਟਰ ਹੜਤਾਲ ਦੀ ਤਾਕਤ ਦਿਖਾਉਂਦੇ ਰਹੇ

ਸਿਰਸਾ, 18 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਇੱਕ ਡਾਕਟਰ ਉਤੇ ਮਰੀਜ਼ ਦੇ ਰਿਸ਼ਤੇਦਾਰਾਂ ਦੇ ਹਮਲੇ ਦੀ ਘਟਨਾ ਦੇ ਵਿਰੋਧ ਵਿੱਚ ਭਾਰਤੀ ਮੈਡੀਕਲ ਕੌਂਸਲ ਦੇ ਸੱਦੇ ਉਤੇ ਕੱਲ੍ਹ ਦੇਸ਼ ਵਿਆਪੀ ਹੜਤਾਲ ਦੌਰਾਨ ਹਰਿਆਣਾ ਵਿੱਚ ਸਿਰਸਾ ਦੇ ਸਿਵਲ ਹਸਪਤਾਲ ਵਿੱਚ ਇੱਕ ਗਰਭਵਤੀ ਲਹੂ-ਲੁਹਾਨ ਸਥਿਤੀ ਵਿੱਚ ਪਹੁੰਚੀ, ਪਰ ਉਸ ਦੀ ਕਿਸੇ ਨੇ ਸੁੱਧ ਤੱਕ ਨਹੀਂ ਲਈ। ਜਵਾਬ ਇੱਕ ਹੀ ਸੀ ਕਿ ਡਾਕਟਰ ਛੁੱਟੀ 'ਤੇ ਹਨ।

ਏਲਨਾਬਾਦ ਦੇ ਧਰਮਿੰਦਰ ਨੇ ਦੱਸਿਆ ਕਿ ਉਹ ਜਦੋਂ ਆਪਣੀ ਲਹੂ-ਲੁਹਾਨ ਪਤਨੀ ਮਾਇਆ ਨੂੰ ਲੇਬਰ ਪੇਨ ਨਾਲ ਐਂਬੂਲੈਂਸ ਉਤੇ ਲੈ ਕੇ ਆਇਆ ਤਾਂ ਹਸਪਤਾਲ ਤੋਂ ਕੋਈ ਉਸ ਦੇ ਨੇੜੇ ਆਉਣ ਲਈ ਤਿਆਰ ਨਹੀਂ ਸੀ। ਆਖਿਰ ਕੁਝ ਔਰਤਾਂ ਨੇ ਹਿੰਮਤ ਜੁਟਾਈ ਅਤੇ ਮਾਇਆ ਨੂੰ ਸਟ੍ਰੈਚਰ ਉਤੇ ਪਾ ਕੇ ਮਹਿਲਾ ਵਾਰਡ ਵਲ ਗਈਆਂ। ਟੀ ਵੀ ਚੈਨਲਾਂ ਦੇ ਕੈਮਰੇ ਜਦੋਂ ਇਹ ਦ੍ਰਿਸ਼ ਕੈਦ ਕਰਨ ਲੱਗੇ ਤਾਂ ਇੱਕ ਨਰਸ ਅੱਗੇ ਆਈ ਅਤੇ ਸਟ੍ਰੈਚਰ ਨੂੰ ਸਹਾਰਾ ਦੇਣ ਲੱਗੀ। ਧਰਮਿੰਦਰ ਨੇ ਦੱਸਿਆ ਕਿ ਉਹ ਮਾਇਆ ਨੂੰ ਇਸ ਹਾਲ ਵਿੱਚ ਇੱਕ ਨਿੱਜੀ ਐਂਬੂਲੈਂਸ ਉੱਤੇ ਲਿਆਇਆ ਸੀ, ਜਿਸ ਦਾ 800 ਰੁਪਏ ਕਿਰਾਇਆ ਵੀ ਉਸ ਨੇ ਸਹਿਣ ਕੀਤਾ। ਏਲ-ਨਾਬਾਦ ਕਮਿਊਨਿਟੀ ਮੈਡੀਕਲ ਸੈਂਟਰ ਨੇ ਇਸ ਬਾਰੇ ਇੱਕ ਨਰਸ ਤੱਕ ਦਾ ਸਹਾਰਾ ਮਾਇਆ ਨੂੰ ਸੰਭਾਲਣ ਲਈ ਨਹੀਂ ਦਿੱਤਾ। ਮੀਡੀਆ ਦੇ ਸਿਰਸਾ ਸਿਵਲ ਹਸਪਤਾਲ ਦੇ ਚੀਫ ਮੈਡੀਕਲ ਅਧਿਕਾਰੀ ਗੋਬਿੰਦ ਗੁਪਤਾ ਨੂੰ ਘਟਨਾ ਦੀ ਜਾਣਕਾਰੀ ਦੇਣ ਤੇ ਉਨ੍ਹਾਂ ਨੇ ਏਲਨਾਬਾਦ ਸੀ ਐਚ ਸੀ ਅਤੇ ਸਿਵਲ ਹਸਪਤਾਲ ਵਿੱਚ ਫੋਨ ਕਰ ਕੇ ਸਥਿਤੀ ਨੂੰ ਜਾਣਿਆ ਅਤੇ ਆਪਣੇ ਸਟਾਫ ਨੂੰ ਗਰਭਵਤੀ ਮਹਿਲਾ ਦੇ ਤੁਰੰਤ ਇਲਾਜ ਦੇ ਹੁਕਮ ਦਿੱਤੇ।

## ਕੋਲਡ ਡਰਿੰਕ ਵਿੱਚ ਗੰਦ ਨਿਕਲਣ ਨਾਲ ਰੈਸਟੋਰੈਂਟ, ਬੀਵਰੇਜ ਨੂੰ 30 ਹਜਾਰ ਰੁਪਏ ਜੁਰਮਾਨਾ




ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਜ਼ਿਲ੍ਹਾ ਖਪਤਕਾਰ ਫੋਰਮ ਨੇ ਡੀ ਐੱਲ ਐੱਫ ਪਲੇਸ, ਸਾਕੇਤ ਤੇ ਕੋਕਾ ਕੋਲਾ ਦੇ ਡੀਲਰ ਕ੍ਰੀਮ ਦੇ ਰੈਸਟੋਰੈਂਟ ਨੂੰ ਕੋਲਡ ਡਰਿੰਕ ਵਿੱਚ ਗੰਦਗੀ ਨਿਕਲ ਉੱਤੇ ਸ਼ਿਕਾਇਤ ਕਰਤਾ ਨੂੰ 25000 ਰੁਪਏ ਦਾ ਭੁਗਤਾਨ ਕਰਨ ਪਿੱਛੋਂ 5000 ਰੁਪਏ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ ਹੈ।

ਫੋਰਮ ਵਿੱਚ ਇਹ ਸ਼ਿਕਾਇਤ ਸ਼ਹਿਰ ਦੇ ਸੰਜੇ ਸ਼ਰਮਾ ਨੇ ਕੀਤੀ ਸੀ, ਜਿਸ ਵਿੱਚ ਉਸ ਨੇ ਦੱਸਿਆ ਸੀ ਕਿ ਇਸ ਰੈਸਟੋਰੈਂਟ ਤੋਂ ਉਸ ਨੇ ਆਪਣੇ ਬੱਚਿਆਂ ਲਈ ਇੱਕ ਕੋਲਡ ਡਰਿੰਕ ਖਰੀਦੀ ਸੀ। ਉਸ ਨੇ ਸੀਲਬੰਦ ਇਸ ਬੋਤਲ ਵਿੱਚ ਕੁਝ ਬਾਹਰੀ ਚੀਜ਼ ਲਟਕਦੀ ਵੇਖੀ ਅਤੇ ਉਸ ਨੇ ਤੁਰੰਤ ਬੱਚਿਆਂ ਨੂੰ ਬੋਤਲ ਖੋਲ੍ਹਣ ਤੋਂ ਰੋਕ ਦਿੱਤਾ। ਉਸ ਨੇ ਧਿਆਨ ਨਾਲ ਵੇਖਿਆ ਤਾਂ ਉਸ 'ਚ ਕੁਝ ਪਲਾ-ਸਟਿਕ ਵਰਗਾ ਤਰਦਾ ਨਜ਼ਰ ਆਇਆ। ਉਸ ਨੇ ਰੈਸਟੋਰੈਂਟ ਮਾਲਕ ਨੂੰ ਦੱਸਿਆ ਤਾਂ ਉਸ ਨੇ ਕਿਹਾ ਕਿ ਉਹ ਰਿਟੇਲ ਡੀਲਰ ਹੈ, ਨਾ ਉਹ ਸਪਲਾਇਰ ਹੈ ਤੇ ਨਾ ਪੀਣ ਵਾਲੀ ਕੋਲਡ ਡਰਿੰਕ ਦਾ ਉਤਪਾਦਕ ਹੈ। ਉਸ ਨੇ ਪ੍ਰੇਸ਼ਾਨ ਹੋ ਕੇ ਖਪਤਕਾਰ ਫੋਰਮ ਦਾ ਦਰਵਾਜ਼ਾ ਖੜ੍ਹਕਾਇਆ। ਇਸ ਬਾਰੇ ਕੋਕਾ ਕੋਲਾ ਵਾਲਿਆਂ ਨੇ ਅੱਗੇ ਆਪਣੇ ਪੱਖ 'ਚ ਦਲੀਲ ਦਿੰਦੇ ਹੋਏ ਕਿਹਾ ਕਿ ਉਹ ਉਤਪਾਦਕ ਜਾਂ ਵਿਕਰੇਤਾ ਵਿੱਚ ਸ਼ਾਮਲ ਨਹੀਂ। ਹਿੰਦੁਸਤਾਨ ਕੋਕਾ ਕੋਲਾ ਬੀਵਰੇਜਿਸ ਪ੍ਰਾਈਵੇਟ ਲਿਮਟਿਡ ਕੋਕਾ ਕੋਲਾ ਦੀ ਸਹਾਇਕ ਇਕਾਈ ਹੈ ਅਤੇ ਉਹ ਇਸ ਦੇ ਜ਼ਿੰਮੇਵਾਰ ਨਹੀਂ ਹੈ ਕਿਉਂਕਿ ਇਸ ਬੋਤਲ ਦੀ ਨਿਰਮਾਤਾ ਇੱਕ ਵੱਖਰੀ ਕੰਪਨੀ ਐਨਰਿਚ ਐਗਰੋ ਫੂਡ ਪ੍ਰੋਡਕਟਸ ਲਿਮਟਿਡ ਹੈ। ਸਾਰਿਆਂ ਦੇ ਬਿਆਨਾਂ ਨੂੰ ਰੱਦ ਕਰਦੇ ਹੋਏ ਫੋਰਮ ਨੇ ਕਿਹਾ ਕਿ ਇਸ ਨੂੰ ਸੇਵਾਵਾਂ 'ਚ ਕਮੀ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੋਕਾ ਕੋਲਾ ਕੰਪਨੀ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ। ਇਸ ਦਾ ਨਤੀਜਾ ਇਹ ਹੈ ਕਿ ਉਤਪਾਦ ਦੇ ਬ੍ਰਾਂਡ ਨਾਂਅ ਅਤੇ ਟ੍ਰੇਡ ਮਾਰਕ ਲਈ ਕੰਪਨੀ ਓਨੀ ਹੀ ਜ਼ਿੰਮੇਵਾਰ ਹੈ, ਜਿੰਨਾ ਕਿ ਉਤਪਾਦਕ। ਇਸ ਲਈ ਖਪਤਕਾਰ ਨੂੰ 25000 ਤੋਂ ਇਲਾਵਾ ਮੁਕੱਦਮੇਬਾਜ਼ੀ ਦੇ ਖਰਚ ਦੇ 5000 ਰੁਪਏ ਵੀ ਅਦਾ ਕਰਨੇ ਪੈਣਗੇ।

## ਜੁਰਮਾਨਾ ਭਰਨ ਮਗਰੋਂ ਵੀ ਟੈਕਸ ਡਿਫਾਲਟਰ ਕਾਰਵਾਈ ਹੋਣ ਤੋਂ ਨਹੀਂ ਬਚ ਸਕਣਗੇ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕਈ ਸ਼੍ਰੇਣੀਆਂ ਦੇ ਟੈਕਸ ਡਿਫਾਲਟਰਾਂ 'ਤੇ ਸ਼ਿਕੰਜਾ ਕੱਸਣ ਦੇ ਨਵੇਂ ਨਿਯਮ ਜਾਰੀ ਕਰ ਦਿੱਤੇ ਹਨ। ਇਨ੍ਹਾਂ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਕੁਝ ਟੈਕਸ ਡਿਫਾਲਟਰ ਜੁਰਮਾਨਾ ਭਰਨ ਤੋਂ ਬਾਅਦ ਵੀ ਕਾਰਵਾਈ ਤੋਂ ਨਹੀਂ ਬਚ ਸਕਣਗੇ। ਇਸ ਸ਼੍ਰੇਣੀ ਵਿੱਚ ਅਜਿਹੇ ਟੈਕਸ ਡਿਫਾਲਟਰਾਂ ਨੂੰ ਸ਼ਾਮਲ ਕਰ ਦਿੱਤਾ ਗਿਆ ਹੈ, ਜਿਨ੍ਹਾਂ 'ਤੇ ਕਾਲੇ ਧਨ ਨੂੰ ਟਿਕਾਣੇ ਲਾਉਣ ਵਰਗੇ ਦੋਸ਼ ਹਨ।

ਇੱਕ ਰਿਪੋਰਟ ਅਨੁਸਾਰ ਕੇਂਦਰੀ ਪ੍ਰਤੱਖ ਕਰ ਬੋਰਡ (ਸੀ ਬੀ ਡੀ ਟੀ) ਨੇ ਬੀਤੇ ਸ਼ੁੱਕਰਵਾਰ ਪ੍ਰਤੱਖ ਟੈਕਸ ਕਾਨੂੰਨਾਂ ਦੇ ਗੁਨਾਹਾਂ ਦੀ ਗਿਣਤੀ ਸੰਬੰਧੀ 30 ਪੇਜਾਂ ਤੋਂ ਵੱਧ ਦੀ ਰਿਵਾਈਜ਼ ਗਾਈਡਲਾਈਨ ਜਾਰੀ ਕੀਤੀ ਸੀ। ਇਹ ਨਵੇਂ ਨਿਯਮ ਕੱਲ੍ਹ ਤੋਂ ਲਾਗੂ ਹੋ ਗਏ ਹਨ ਅਤੇ ਇਹ ਉਨ੍ਹਾਂ ਸਾਰਿਆਂ ਲਈ ਲਾਗੂ ਹੋਣਗੇ, ਜੋ ਇਸ ਤਰੀਕ ਤੋਂ ਬਾਅਦ ਜੁਰਮਾਨਾ ਰਾਸ਼ੀ ਭਰਨ ਲਈ ਕੇਸ ਦਰਜ ਕਰਨਗੇ। ਇਹ ਰਿਵਾਈਜ਼ ਗਾਈਡਲਾਈਨਜ਼ ਦਸੰਬਰ 2014 ਵਿੱਚ ਜਾਰੀ ਗਾਈਡਲਾਈਨਜ਼ ਦੇ ਸਥਾਨ 'ਤੇ ਲਾਗੂ ਹੋਣਗੀਆਂ। ਰਿਪੋਰਟ ਅਨੁਸਾਰ ਨਵੇਂ ਨਿਯਮ ਅਜਿਹੇ ਲੋਕਾਂ 'ਤੇ ਲਾਗੂ ਹੋਣਗੇ, ਜਿਨ੍ਹਾਂ ਨੇ ਆਪਣੇ ਵਿਦੇਸ਼ੀ ਬੈਂਕ ਖਾਤੇ ਤੇ ਜਾਇਦਾਦ ਦੀ ਜਾਣਕਾਰੀ ਛੁਪਾਈ ਹੈ। ਇਸ ਤੋਂ ਇਲਾਵਾ ਬੇਨਾਮੀ ਲੈਣ-ਦੇਣ ਅਤੇ ਗਲਤ ਇਨਵਾਈਸ ਤੋਂ ਮਨੀ ਲਾਂਡਰਿੰਗ ਕੀਤੀ ਹੈ। ਨਵੇਂ ਨਿਯਮਾਂ ਦੇ ਲਾਗੂ ਹੋਣ ਪਿੱਛੋਂ ਇਹ ਲੋਕ ਜੁਰਮਾਨਾ ਯੋਜਨਾ ਦਾ ਲਾਭ ਨਹੀਂ ਲੈ ਸਕਣਗੇ। ਅਜੇ ਤੱਕ ਅਜਿਹੇ ਲੋਕ 30 ਫੀਸਦੀ ਟੈਕਸ ਅਤੇ ਜੁਰਮਾਨਾ ਭਰ ਕੇ ਕਾਲੇ ਧਨ ਨੂੰ ਸਫੈਦ ਵਿੱਚ ਬਦਲ ਲੈਂਦੇ ਸਨ।

## ਹੰਸ ਰਾਜ ਹੰਸ ਐੱਮ ਪੀ ਦੀ ਸਹੁੰ ਚੁੱਕਣ ਵੇਲੇ ਆਪਣਾ ਨਾਂ ਲੈਣਾ ਹੀ ਭੁੱਲ ਗਏ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਨਵੀਂ ਚੁਣੀ ਲੋਕ ਸਭਾ ਦਾ ਸੈਸ਼ਨ ਸ਼ੁਰੂ ਹੋ ਗਿਆ ਹੈ, ਜਿਹੜਾ 26 ਜੁਲਾਈ ਤਕ ਚਲੇਗਾ। ਇਸ ਦੇ ਪਹਿਲੇ ਦਿਨ ਲੋਕ ਸਭਾ ਮੈਂਬਰਾਂ ਨੇ ਸਦਨ ਦੀ ਸਹੁੰ ਚੁੱਕੀ ਤਾਂ ਇਨ੍ਹਾਂ ਵਿੱਚ ਦਿੱਲੀ ਤਚੋਂ ਚੁਣੇ ਗਏ 7 ਮੈਂਬਰ ਵੀ ਸ਼ਾਮਲ ਸਨ। ਦਿੱਲੀ ਦੀ ਉੱਤਰ-ਪੱਛਮੀ ਸੀਟ ਤੋਂ ਸੂਫੀ ਗਾਇਕ ਹੰਸ ਰਾਜ ਹੰਸ ਪਹਿਲੀ ਵਾਰ ਚੋਣ ਜਿੱਤ ਕੇ ਲੋਕ ਸਭਾ ਵਿੱਚ ਪੁੱਜੇ ਹਨ। ਜਦੋਂ ਹੰਸ ਰਾਜ ਹੰਸ ਸਹੁੰ ਚੁੱਕਣ ਪੁੱਜੇ ਤਾਂ ਉਨ੍ਹਾਂ ਨੇ ਸਹੁੰ ਦਾ ਬਣਿਆ ਰੂਪ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਆਪਣਾ ਨਾਂ ਲੈਣਾ ਭੁੱਲ ਗਏ। ਇਸ ਕਾਰਨ ਸੱਤਾ ਪੱਖ ਦੇ ਮੈਂਬਰਾਂ ਨੇ ਹੰਸ ਨੂੰ ਉਨ੍ਹਾਂ ਦੀ ਭੁੱਲ ਦਾ ਅਹਿਸਾਸ ਕਰਾਇਆ, ਜਿਸ ਤੋਂ ਬਾਅਦ ਹੰਸ ਨੇ ਆਪਣਾ ਨਾਂ ਲੈ ਕੇ ਫਿਰ ਹਿੰਦੀ ਵਿੱਚ ਸਹੁੰ ਚੁੱਕੀ।

ਅਭਿਨੇਤਾ ਤੋਂ ਨੇਤਾ ਬਣੇ ਗੁਰਦਾ-ਸਪੁਰ ਹਲਕੇ ਦੇ ਪਾਰਲੀਮੈਂਟ ਮੈਂਬਰ ਸੰਨੀ ਦਿਓਲ ਨੇ ਅੰਗਰੇਜ਼ੀ ਵਿੱਚ ਸਹੁੰ ਚੁਕੀ ਤੇ ਪੰਜਾਬ ਤੋਂ ਚੁਣ ਕੇ ਆਏ ਕਾਂਗਰਸ ਦੇ ਮੈਂਬਰ ਮਨੀਸ਼ ਤਿਵਾੜੀ, ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਤੇ ਅਕਾਲੀ ਦਲ ਤੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਆਮ ਆਦਮੀ ਪਾਰਟੀ ਦੇ ਇਕਲੌਤੇ ਐੱਮ ਪੀ ਭਗਵੰਤ ਮਾਨ ਨੇ ਪੰਜਾਬੀ ਵਿੱਚ ਸਹੁੰ ਚੁਕੀ। ਸੰਗਰੂਰ ਤੋਂ ਜਿੱਤ ਕੇ ਆਏ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਇਸ ਤੋਂ ਬਾਅਦ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨਾਲ ਸਹੁੰ ਖਤਮ ਕੀਤੀ ਤਾਂ ਕੁਝ ਪਾਰਲੀਮੈਂਟ ਮੈਂਬਰਾਂ ਨੇ ਨਾਰਾਜ਼ਗੀ ਜ਼ਾਹਰ ਕੀਤੀ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਲਗਾਤਰ ਚੌਥੀ ਵਾਰ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ, ਪਰ ਸਹੁੰ ਚੁੱਕਣ ਪਿੱਛੋਂ ਉਹ ਲੋਕ ਸਭਾ ਦੇ ਰਜਿਸਟਰ ਉੱਤੇ ਦਸਖਤ ਕਰਨਾ ਭੁੱਲ ਗਏ। ਅਧਿਕਾਰੀਆਂ ਤੇ ਕਈ ਪਾਰਲੀਮੈਂਟ ਮੈਂਬਰਾਂ ਵੱਲੋਂ ਯਾਦ ਦਿਵਾਏ ਜਾਣ ਤੋਂ ਬਾਅਦ ਰਾਹੁਲ ਨੇ ਦਸਖਤ ਕੀਤੇ।

## ਸੁਪਰੀਮ ਕੋਰਟ ਵੱਲੋਂ ਡਾਕਟਰਾਂ ਦੀ ਸੁਰੱਖਿਆ ਲਈ ਹੁਕਮ ਪਾਸ ਕਰਨ ਤੋਂ ਇਨਕਾਰ



ਨਵੀਂ ਦਿੱਲੀ, 18 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਨੂੰ ਸੁਰੱਖਿਆ ਦੇਣ ਦੀ ਮੰਗ ਬਾਰੇ ਪਟੀਸ਼ਨ ਉੱਤੇ ਅੱਜ ਕੋਈ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਮਾਮਲੇ ਨੂੰ ਛੁੱਟੀਆਂ ਤੋਂ ਬਾਅਦ ਇਕ ਢੁਕਵੀਂ ਬੈਂਚ ਦੇ ਕੋਲ ਸੂਚੀਬੱਧ ਕਰਨ ਦੀ ਹਦਾਇਤ ਦਿੱਤੀ ਹੈ।

ਵਕੀਲ ਅਲਖ ਆਲੋਕ ਸ਼੍ਰੀਵਾਸਤਵ ਨੇ ਪਟੀਸ਼ਨ ਰਾਹੀਂ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਹਸਪਤਾਲਾਂ ਵਿੱਚ ਸਰਕਾਰੀ ਸੁਰੱਖਿਆ ਮੁਲਾਜ਼ਮ ਲਾਉਣ ਦੀ ਮੰਗ ਕੀਤੀ ਤੇ ਡਾਕਟਰਾਂ ਲਈ ਸੁਰੱਖਿਆ ਦੇ ਦਿਸ਼ਾ-ਨਿਰਦੇਸ਼ ਤੈਅ ਕਰਨ ਦੀ ਮੰਗ ਕੀਤੀ ਸੀ। ਸੋਮਵਾਰ ਨੂੰ ਸ਼੍ਰੀਵਾਸਤਵ ਨੇ ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੂਰਿਆਕਾਂਤ ਦੀ ਛੁੱਟੀਆਂ ਵਾਲੀ ਬੈਂਚ ਕੋਲ ਪਟੀਸ਼ਨ ਪੇਸ਼ ਕਰ ਕੇ ਇਸ ਨੂੰ ਬੜਾ ਮਹੱਤਵ ਪੂਰਨ ਦੱਸ ਕੇ ਛੇਤੀ ਸੁਣਵਾਈ ਦੀ ਬੇਨਤੀ ਕੀਤੀ। ਅਦਾਲਤ ਨੇ ਅਪੀਲ ਸਵੀਕਾਰ ਕਰ ਕੇ ਇਸ ਦੀ ਸੁਣਵਾਈ ਦੀ ਮਨਜ਼ੂਰੀ ਦੇ ਦਿੱਤੀ। ਸ਼੍ਰੀਵਾਸਤਵ ਦੀ ਪਟੀਸ਼ਨ ਵਿੱਚ ਹਮਲੇ ਦੇ ਵਿਰੁੱਧ ਸਾਰੇ ਦੇਸ਼ ਵਿੱਚ ਡਾਕਟਰਾਂ ਦੀ ਹੜਤਾਲ ਦਾ ਮੁੱਦਾ ਉਠਾ ਕੇ ਦੇਸ਼ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਇਕ ਅਧਿਐਨ ਦਾ ਹਵਾਲਾ ਦਿੰਦੇ ਹੋਏ ਡਾਕਟਰਾਂ ਉੱਤੇ ਹੋਣ ਵਾਲੇ ਹਮਲਿਆਂ ਦੇ ਅੰਕੜੇ ਦਿੱਤੇ ਗਏ ਹਨ।


# ਆਨੰਤਨਾਗ ਵਿੱਚ ਮੁਕਾਬਲੇ ਦੌਰਾਨ ਦੋ ਅੱਤਵਾਦੀ ਤੇ ਫੌਜ ਦੇ ਇੱਕ ਮੇਜਰ ਦੀ ਜਾਨ ਗਈ



ਸ੍ਰੀਨਗਰ, 18 ਜੂਨ (ਪੋਸਟ ਬਿਊਰੋ)- ਦੱਖਣੀ ਕਸ਼ਮੀਰ ਦੇ ਅਨੰਤਨਾਗ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਦੋ ਅੱਤਵਾਦੀਆਂ ਨੂੰ ਮਾਰਨ ਵਿੱਚ ਸੁਰੱਖਿਆ ਬਲਾਂ ਨੂੰ ਕਾਮਯਾਬੀ ਮਿਲੀ, ਪਰ ਮੁਕਾਬਲੇ ਵਿੱਚ ਫੌਜ ਦਾ ਇੱਕ ਮੇਜਰ ਵੀ ਜਾਨ ਗਵਾ ਬੈਠਾ, ਜਦ ਕਿ ਦੋ ਅਫਸਰਾਂ ਸਮੇਤ ਚਾਰ ਜਵਾਨ ਜ਼ਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਸ੍ਰੀਨਗਰ ਲਿਜਾਇਆ ਗਿਆ ਹੈ। ਫੌਜ ਦੇ ਮੇਜਰ ਦੀ ਪਛਾਣ ਰਾਹੁਲ ਵਰਮਾ ਦੇ ਰੂਪ ਵਿੱਚ ਹੋਈ ਹੈ।

ਐੱਸ ਐੱਸ ਪੀ ਅਨੰਤਨਾਗ ਅਲਤਾਫ ਖਾਨ ਨੇ ਦੱਸਿਆ ਕਿ ਮਾਰੇ ਗਏ ਦੋਵਾਂ ਅੱਤਵਾਦੀਆਂ ਵਿੱਚੋਂ ਇੱਕ ਦੀ ਪਛਾਣ ਮੁਹੰਮਦ ਅਸਲਮ ਡਾਰ ਵਾਸੀ ਰੇਡਵਾਨੀ ਕੁਲਗਾਮ ਦੇ ਰੂਪ ਵਿੱਚ ਹੋਈ ਹੈ। ਦੂਸਰੇ ਦੀ ਪਛਾਣ ਕੀਤੀ ਜਾ ਰਹੀ ਹੈ। ਓਧਰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਦੇ ਕੋਲ ਪਾਕਿਸਤਾਨ ਵੱਲੋਂ ਕੀਤੀ ਗਈ ਗੋਲੀਬੰਦੀ ਦੀ ਉਲੰਘਣਾ ਦੌਰਾਨ ਫੌਜ ਦਾ ਇੱਕ ਜਵਾਨ ਜ਼ਖਮੀ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਫੌਜ ਨੇ ਐਤਵਾਰ ਨੂੰ ਪਿੰਡਾਂ ਅਤੇ ਮੂਹਰਲੀਆਂ ਚੌਕੀਆਂ ਨੂੰ ਨਿਸ਼ਾਨਾ ਬਣਾ ਕੇ ਗੋਲਾਬਾਰੀ ਕੀਤੀ, ਜੋ ਕਿ ਕੱਲ੍ਹ ਸਵੇਰ ਤੱਕ ਜਾਰੀ ਰਹੀ। ਓਧਰ ਦੱਖਣੀ ਪੁਲਵਾਮਾ ਜ਼ਿਲ੍ਹੇ ਵਿੱਚ ਅੱਤਵਾਦੀਆਂ ਨੇ ਇੱਕ ਵਾਰ ਫਿਰ ਸੁਰੱਖਿਆ ਬਲਾਂ ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਹਮਲੇ ਦੀ ਕੋਸ਼ਿਸ਼ ਕੀਤੀ। ਨੇੜਲੇ ਅਹਿਰਲ ਪਿੰਡ ਵਿੱਚ ਫੌਜ ਦੀ ਰਾਸ਼ਟਰੀ ਰਾਈਫਲਜ਼ ਦੇ ਕਾਫਲੇ ਨੂੰ ਆਈ ਈ ਡੀ ਬਲਾਸਟ ਦੇ ਨਾਲ ਉਡਾਉਣ ਦਾ ਯਤਨ ਕੀਤਾ ਗਿਆ। ਪੁਲਵਾਮਾ ਦੇ ਇਸ ਹਮਲੇ ਤੋਂ ਬਾਅਦ ਸਮੁੱਚੇ ਦੱਖਣੀ ਕਸ਼ਮੀਰ ਵਿੱਚ ਹਾਈ ਅਲਰਟ ਐਲਾਨਿਆ ਗਿਆ ਹੈ। ਇਸ ਅੱਤਵਾਦੀ ਵਾਰਦਾਤ ਵਿੱਚ ਨੌਂ ਜਵਾਨਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ, ਪਰ ਸੁਰੱਖਿਆ ਏਜੰਸੀਆਂ ਨੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਸੋਮਵਾਰ ਸ਼ਾਮ ਫੌਜ ਦੀ 44 ਰਾਸ਼ਟਰੀ ਰਾਈਫਲਜ਼ ਦਾ ਕਾਫਲਾ ਪੁਲਵਾਮਾ ਦੇ ਅਰਿਹਲ ਪਿੰਡ ਦੀ ਈਦਗਾਹ ਕੋਲੋਂ ਜਾ ਰਿਹਾ ਸੀ। ਇਸੇ ਦੌਰਾਨ ਅੱਤਵਾਦੀਆਂ ਨੇ ਕਾਫਲੇ ਨੂੰ ਉਡਾਉਣ ਲਈ ਬਲਾਸਟ ਕੀਤਾ। ਇਸ ਵਾਰਦਾਤ ਵਿੱਚ ਫੌਜ ਦਾ ਇੱਕ ਕੈਸਪਰ ਵਹੀਕਲ ਨੁਕਸਾਨਿਆ ਗਿਆ। ਧਮਾਕੇ ਤੋਂ ਬਾਅਦ ਇਲਾਕੇ ਵਿੱਚ ਹਫੜਾ ਦਫੜੀ ਮਚ ਗਈ। ਇਸ ਤੋਂ ਬਾਅਦ ਹੋਰ ਸੁਰੱਖਿਆ ਬਲਾਂ ਨੂੰ ਬੁਲਾਇਆ ਗਿਆ। ਵਾਰਦਾਤ ਤੋਂ ਬਾਅਦ ਏਜੰਸੀਆਂ ਨੇ ਦੱਖਣੀ ਕਸ਼ਮੀਰ ਵਿੱਚ ਹਾਈ ਅਲਰਟ ਐਲਾਨ ਕਰਦੇ ਹੋਏ ਅਰਿਹਲ ਪਿੰਡ ਦੀ ਸਖਤ ਘੇਰਾਬੰਦੀ ਕੀਤੀ ਅਤੇ ਇਲਾਕੇ ਵਿੱਚ ਵੱਡੀ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਇਸ ਕਾਰਵਾਈ ਵਿੱਚ ਫੌਜ, ਸੀ ਆਰ ਪੀ ਐਫ, ਜੰਮੂ-ਕਸ਼ਮੀਰ ਪੁਲਸ ਦੇ ਸਪੈਸ਼ਲ ਆਪਰੇਸ਼ਨ ਗਰੁੱਪ ਨੂੰ ਲਾਇਆ ਗਿਆ ਹੈ।

# ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਖਿਲਾਫ ਕੇਸ



ਅੰਬਿਕਾਪੁਰ, 18 ਜੂਨ (ਪੋਸਟ ਬਿਊਰੋ)- ਅਨਮੋਲ ਚਿੱਟ ਫੰਡ ਘੁਟਾਲਾ ਕੇਸ ਵਿੱਚ ਅੰਬਿਕਾਪੁਰ ਦੀ ਕੋਤਵਾਲੀ ਪੁਲਸ ਨੇ ਸਾਬਕਾ ਮੁੱਖ ਮੰਤਰੀ ਡਾਕਟਰ ਰਮਨ ਸਿੰਘ ਦੇ ਪੁੱਤਰ ਤੇ ਸਾਬਕਾ ਪਾਰਲੀਮੈਂਟ ਮੈਂਬਰ ਅਭਿਸ਼ੇਕ ਸਿੰਘ ਸਮੇਤ 20 ਲੋਕਾਂ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿੱਚ ਰਾਜਨਾਂਦਗਾਂਓ ਦੇ ਸਾਬਕਾ ਮੇਅਰ ਵੀ ਸ਼ਾਮਲ ਹੈ ਤੇ ਇਨ੍ਹਾਂ ਵਿੱਚ 10 ਕੰਪਨੀ ਦੇ ਡਾਇਰੈਕਟਰ ਵੀ ਹਨ। ਸੱਤ ਮੁਲਜ਼ਮਾਂ 'ਤੇ ਛੱਤੀਸਗੜ੍ਹ ਕੋਰ ਕਮੇਟੀ ਦੇ ਮੈਂਬਰ ਤੇ ਛੱਤੀਸਗੜ੍ਹ 'ਚ ਅਨਮੋਲ ਇੰਡੀਆ ਕੰਪਨੀ ਨੂੰ ਸਥਾਪਤ ਕਰਕੇ ਪ੍ਰਚਾਰ ਪ੍ਰਸਾਰ ਤੇ ਸੰਚਾਲਨ ਕਰਨ ਦਾ ਦੋਸ਼ ਹੈ।

ਸਾਬਕਾ ਪਾਰਲੀਮੈਂਟ ਮੈਂਬਰ ਅਭਿਸ਼ੇਕ ਸਿੰਘ, ਮਧੁਸੂਦਨ ਯਾਦਵ ਅਤੇ ਨਰੇਸ਼ ਡਾਕਲੀਆ ਉਤੇ ਕੰਪਨੀ ਦੇ ਸਟਾਰ ਪ੍ਰਚਾਰਕ ਦੇ ਰੂਪ ਵਿੱਚ ਕੰਮ ਕਰਨ ਦਾ ਵੀ ਦੋਸ਼ ਲੱਗਾ ਹੈ। ਪਤਾ ਲੱਗਾ ਹੈ ਕਿ ਅੰਬਿਕਾਪੁਰ ਦੇ ਦੇਵੀਗੰਜ ਰੋਡ ਦੇ ਪ੍ਰੇਮ ਸਾਗਰ ਗੁਪਤਾ (67) ਨੇ ਵਿਸ਼ੇਸ਼ ਜੱਜ ਅੰਬਿਕਾਪੁਰ ਦੀ ਅਦਾਲਤ 'ਚ ਕੇਸ ਕੀਤਾ ਸੀ ਕਿ ਅਨਮੋਲ ਇੰਡੀਆ ਕੰਪਨੀ ਵਿੱਚ ਉਨ੍ਹਾਂ ਨੇ 98876 ਰੁਪਏ ਨਿਵੇਸ਼ ਕੀਤੇ ਸਨ। ਮਿਆਦ ਪੂਰੀ ਹੋਣ ਪਿੱਛੋਂ ਉਨ੍ਹਾਂ ਨੂੰ ਮੂਲ ਧਨ ਤੱਕ ਵਾਪਸ ਨਹੀਂ ਕੀਤਾ ਗਿਆ। ਅਚਾਨਕ ਕੰਪਨੀ ਨੇ ਆਪਣਾ ਕਾਰੋਬਾਰ ਸਮੇਟ ਲਿਆ ਅਤੇ ਖਿਸਕ ਗਈ। ਪ੍ਰੇਮ ਸਾਗਰ ਗੁਪਤਾ ਦੀ ਅਪੀਲ ਉੱਤੇ ਵਿਸ਼ੇਸ਼ ਜੱਜ ਦੀ ਅਦਾਲਤ ਨੇ ਧਾਰਾ 156 (3) ਅਧੀਨ ਕੇਸ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ।



## ਈਰਾਨ ਦੇ ਖਿਲਾਫ ਫੌਜੀ ਕਾਰਵਾਈ ਬਾਰੇ ਸੋਚ ਰਿਹੈ ਅਮਰੀਕਾ

ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਓਮਾਨ ਦੀ ਖਾੜੀ ਵਿੱਚ ਦੋ ਤੇਲ ਟੈਂਕਰਾਂ ਉੱਤੇ ਹਮਲੇ ਹੋਣ ਦੇ ਜਵਾਬ ਵਿੱਚ ਅਮਰੀਕਾ, ਈਰਾਨ ਦੇ ਖਿਲਾਫ ਫੌਜੀ ਕਾਰਵਾਈ 'ਤੇ ਵਿਚਾਰ ਕਰ ਰਿਹਾ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਇਥੇ ਕਿਹਾ, ਤੇਲ ਟੈਂਕਰਾਂ 'ਤੇ ਹੋਏ ਹਮਲੇ ਦਾ ਕਰਾਰ ਜਵਾਬ ਦੇਣ ਦੇ ਲਈ ਕਈ ਬਦਲਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਵਿੱਚ ਫੌਜੀ ਕਾਰਵਾਈ ਵੀ ਸ਼ਾਮਲ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਇਸ ਬਾਰੇ ਸੂਚਿਤ ਕੀਤਾ ਗਿਆ ਹੈ। ਪੋਂਪੀਓ ਨੇ ਇਹ ਵੀ ਕਿਹਾ ਕਿ ਹਮਲੇ ਦਾ ਜਵਾਬ ਦਿੱਤਾ ਜਾਣਾ ਜ਼ਰੂਰੀ ਹੈ, ਪਰ ਅਸੀਂ ਈਰਾਨ ਨਾਲ ਤਣਾਅ ਹੋਰ ਨਹੀਂ ਵਧਾਉਣਾ ਚਾਹੁੰਦੇ।

ਇੱਕ ਨਿਊਜ਼ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਪੋਂਪੀਓ ਨੇ ਕਿਹਾ, ਰਾਸ਼ਟਰਪਤੀ ਟਰੰਪ ਨੇ ਈਰਾਨ ਨਾਲ ਜੰਗ ਟਾਲਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਅਸੀਂ ਜੰਗ ਨਹੀਂ ਚਾਹੁੰਦੇ। ਹਾਲ ਹੀ ਵਿੱਚ ਜਲ ਡਮਰੂ ਮਧ (ਸਟ੍ਰੇਟ) ਦੇ ਨੇੜੇ ਤੇਲ ਟੈਂਕਰਾਂ ਤੇ ਹੋਏ ਹਮਲੇ ਦੇ ਲਈ ਅਮਰੀਕਾ ਨੇ ਈਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਈਰਾਨ ਨੇ ਇਸ ਤੋਂ ਸਾਫ ਇਨਕਾਰ ਕੀਤਾ ਹੈ। ਉਸ ਦੇ ਵਿਦੇਸ਼ ਮੰਤਰੀ ਮੁਹੰਮਦ ਜਵਾਦ ਜ਼ਰੀਫ ਦਾ ਕਹਿਣਾ ਹੈ ਕਿ ਈਰਾਨ ਦੇ ਖਿਲਾਫ ਆਪਣੇ ਆਰਥਿਕ ਅੱਤਵਾਦ ਦੀ ਨੀਤੀ 'ਤੇ ਪਰਦਾ ਪਾਉਣ ਲਈ ਅਮਰੀਕਾ ਇਹ ਦੋਸ਼ ਲਗਾ ਰਿਹਾ ਹੈ। ਸਾਲ 2015 ਵਿੱਚ ਹੋਏ ਈਰਾਨ ਪਰਮਾਣੂ ਸਮਝੌਤੇ ਤੋਂ ਖੁਦ ਨੂੰ ਵੱਖ ਕਰਨ ਦੇ ਬਾਅਦ ਅਮਰੀਕਾ ਨੇ ਈਰਾਨ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਦਾ ਕਾਰਨ ਦੋਵਾਂ ਦੇਸ਼ਾਂ ਵਿੱਚ ਟਕਰਾਅ ਦੀ ਸਥਿਤੀ ਹੈ। ਈਰਾਨ ਦੀ ਐਟਮੀ ਏਜੰਸੀ ਦੇ ਬੁਲਾਰੇ ਬਹਿਰੂਜ ਕਮਲਵੰਦੀ ਨੇ ਕਿਹਾ ਹੈ ਕਿ ਅਗਲੇ ਦਸ ਦਿਨਾਂ ਵਿੱਚ ਅਸੀਂ ਤਿਆਰ ਯੂਰੇਨੀਅਮ ਦੇ ਆਪਣੇ ਭੰਡਾਰ ਦੀ ਹੱਦ ਵਧਾਉਣ ਦੀ ਦਿਸ਼ਾ ਵਿੱਚ ਕਦਮ ਵਧਾਵਾਂਗੇ। ਸਾਲ 2015 ਵਿੱਚ ਹੋਏ ਐਟਮੀ ਸਮਝੌਤੇ ਦੇ ਤਹਿਤ ਈਰਾਨ 3.67 ਫੀਸਦੀ ਤੱਕ ਤਿਆਰ ਯੂਰੇਨੀਅਮ ਦੀ 300 ਕਿਲੋਗਰਾਮ ਮਾਤਰਾ ਰੱਖ ਸਕਦਾ ਹੈ। ਬਹਿਰੂਜ ਨੇ ਕਿਹਾ ਕਿ ਈਰਾਨ ਨੂੰ 20 ਫੀਸਦੀ ਤੱਕ ਯੂਰੇਨੀਅਮ ਤਿਆਰ ਕਰਨ ਦੀ ਸਮਰੱਥਾ ਵੀ ਵਧਾਈ ਜਾਏਗੀ।

## ਅਮਰੀਕਾ ਵਿੱਚ 7 ਸਾਲਾਂ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 38 ਫ਼ੀਸਦੀ ਵਧੀ



ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਆਬਾਦੀ ਸਾਲ 2010-17 ਦੌਰਾਨ 38 ਫ਼ੀਸਦੀ ਤਕ ਵਧੀ ਹੈ। ਦਖਣੀ ਏਸ਼ੀਆਈ ਗਰੁੱਪ ਸਾਊਥ ਏਸ਼ੀਅਨ ਅਮੈਰੀਕਨਜ਼ ਲੀਡਿੰਗ ਟੂਗੇਦਰ (ਸਾਲਟ) ਨੇ ਅਪਣੀ ਰੀਪੋਰਟ ਵਿਚ ਕਿਹਾ ਹੈ ਕਿ ਘੱਟੋ-ਘੱਟ 6,30,00 ਭਾਰਤੀ ਅਜਿਹੇ ਹਨ, ਜਿਨ੍ਹਾਂ ਦਾ ਦਸਤਾਵੇਜ਼ਾਂ ਵਿਚ ਰਿਕਾਰਡ ਨਹੀਂ ਹੈ। ਇਹ ਸਾਲ 2010 ਦੇ ਬਾਅਦ 72 ਫ਼ੀਸਦੀ ਦਾ ਵਾਧਾ ਹੈ।

ਇਸ ਸੰਬੰਧ ਵਿੱਚ ਉਨ੍ਹਾਂ ਕਿਹਾ ਕਿ ਗ਼ੈਰ ਕਾਨੂੰਨੀ ਭਾਰਤੀ-ਅਮਰੀਕੀ ਲੋਕਾਂ ਵਿਚ ਵਾਧਾ ਵੀਜ਼ਾ ਮਿਆਦ ਦੇ ਬਾਅਦ ਵੀ ਇਥੇ ਰਹਿੰਦੇ ਭਾਰਤੀ ਲੋਕਾਂ ਕਾਰਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਲ 2016 ਵਿਚ ਕਰੀਬ 2,50,000 ਭਾਰਤੀ ਅਪਣੀ ਵੀਜ਼ਾ ਮਿਆਦ ਖ਼ਤਮ ਹੋਣ ਪਿੱਛੋਂ ਇਥੇ ਰੁਕੇ ਹੋਏ ਸਨ। ਸਧਾਰਨ ਤੌਰ ਉੱਤੇ ਦਖਣੀ ਏਸ਼ੀਅਨ ਮੂਲ ਦੇ ਅਮਰੀਕੀ ਵਸਨੀਕਾਂ ਦੀ ਆਬਾਦੀ 40 ਫ਼ੀਸਦੀ ਤਕ ਵਧੀ ਹੈ। ਸਹੀ ਅਰਥਾਂ ਵਿਚ ਇਹ 2010 ਵਿਚ 35 ਲੱਖ ਤੋਂ ਵੱਧ ਕੇ ਸਾਲ 2017 ਵਿਚ 54 ਲੱਖ ਤਕ ਹੋਈ ਸੀ। ਸਾਲ 2010 ਪਿੱਛੋਂ ਨੇਪਾਲੀ ਭਾਈਚਾਰੇ ਦੀ 206.6 ਫ਼ੀਸਦੀ, ਭਾਰਤੀ ਭਾਈਚਾਰੇ ਵਿਚ 38 ਫ਼ੀਸਦੀ, ਭੂਟਾਨੀ ਨਾਗਰਿਕਾਂ ਵਿਚ 38 ਫ਼ੀਸਦੀ, ਪਾਕਿਸਤਾਨੀ 33 ਫ਼ੀਸਦੀ, ਬੰਗਲਾ ਦੇਸ਼ੀ ਨਾਗਰਿਕਾਂ ਵਿਚ 26 ਫ਼ੀਸਦੀ ਅਤੇ ਸ਼੍ਰੀਲੰਕਾਈ ਆਬਾਦੀ ਵਿਚ 15 ਫ਼ੀਸਦੀ ਵਾਧਾ ਹੋਇਆ ਹੈ।

ਰੀਪੋਰਟ ਮੁਤਾਬਕ ਏਸ਼ੀਆਈ ਅਮਰੀਕੀ ਨਾਗਰਿਕਾਂ ਦੀ ਆਮਦਨ ਵਿਚ ਅਸਮਾਨਤਾ ਸਭ ਤੋਂ ਵੱਧ ਹੈ। ਅਮਰੀਕਾ ਵਿਚ ਰਹਿੰਦੇ ਤਕਰੀਬਨ 50 ਲੱਖ ਦਖਣੀ ਏਸ਼ੀਆਈ ਨਾਗਰਿਕਾਂ ਵਿਚ ਕਰੀਬ ਇਕ ਫ਼ੀਸਦੀ ਗਰੀਬੀ ਵਿਚ ਹਨ। ਤਾਜ਼ਾ ਆਬਾਦੀ ਸਰਵੇ ਮੁਤਾਬਕ 2016 ਦੀਆਂ ਅਮਰੀਕੀ ਚੋਣਾਂ ਵਿਚ ਏਸ਼ੀਆਈ ਦੇਸ਼ਾਂ ਦੇ 49.9 ਫ਼ੀਸਦੀ ਲੋਕਾਂ ਨੇ ਵੋਟ ਕੀਤੀ ਸੀ। ਸਾਲ 2001 ਵਿਚ ਜਿਥੇ ਦਖਣੀ ਏਸ਼ੀਆਈ ਮੂਲ ਦੇ ਵੋਟਰਾਂ ਦੀ ਗਿਣਤੀ 20 ਲੱਖ ਸੀ ਓਥੇ 2018 ਵਿਚ ਵੱਧ ਕੇ 50 ਲੱਖ ਤਕ ਪਹੁੰਚ ਗਈ। ਇਨ੍ਹਾਂ ਵਿਚ 15 ਲੱਖ ਭਾਰਤੀ ਹਨ। ਪਾਕਿਸਤਾਨੀ ਮੂਲ ਦੇ ਵੋਟਰਾਂ ਦੀ ਗਿਣਤੀ 2,22,252 ਹੈ ਜਦਕਿ ਬੰਗਲਾਦੇਸ਼ੀ 69,825 ਹਨ।

## ਅਗਲੇ ਹਫ਼ਤੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਕੱਢਣਾ ਸ਼ੁਰੂ ਕਰਾਂਗੇ: ਟਰੰਪ



ਵਾਸ਼ਿੰਗਟਨ, 18 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਅਗਲੇ ਹਫ਼ਤੇ ਤੋਂ ਲੱਖਾਂ ਗ਼ੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਦੇਸ਼ ਵਿੱਚੋਂ ਕੱਢਣਾ ਸ਼ੁਰੂ ਕਰੇਗਾ।

ਇਸ ਬਾਰੇ ਡੋਨਾਲਡ ਟਰੰਪ ਨੇ ਟਵੀਟ ਕਰ ਕੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ ਏਜੰਸੀ ਦਾ ਹਵਾਲਾ ਦਿੰਦਿਆਂ ਕਿਹਾ, 'ਅਗਲੇ ਹਫ਼ਤੇ ਆਈ ਸੀ ਈ ਲੱਖਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕਰੇਗਾ, ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਏ ਸਨ। ਜਿੰਨੀ ਛੇਤੀ ਉਹ ਪ੍ਰਵਾਸੀ ਆਏ ਸਨ, ਉਨ੍ਹਾਂ ਹੀ ਓਨੀ ਛੇਤੀ ਬਾਹਰ ਕੱਢਿਆ ਜਾਵੇਗਾ।' ਵਰਨਣ ਯੋਗ ਹੈ ਕਿ ਅਮਰੀਕਾ ਵਿਚ ਕੁਲ 12 ਮਿਲੀਅਨ ਪ੍ਰਵਾਸੀ ਹਨ, ਜੋ ਮੈਕਸੀਕੋ ਤੇ ਕੇਂਦਰੀ ਅਮਰੀਕਾ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਆ ਕੇ ਵੱਸੇ ਹਨ। ਅਮਰੀਕਾ ਤੇ ਮੈਕਸੀਕੋ ਵਿਚਕਾਰ ਹੋਏ ਸਮਝੌਤੇ ਅਧੀਨ ਮੈਕਸੀਕੋ ਤੇ ਕੇਂਦਰੀ ਅਮਰੀਕਾ ਤੋਂ ਆਉਂਦੇ ਲੋਕਾਂ, ਜੋ ਅਮਰੀਕਾ ਦੀ ਪਨਾਹ ਭਾਲਦੇ ਹਨ, ਦੇ ਕੇਸ ਦੀ ਸੁਣਵਾਈ ਹੋਣ ਤਕ ਮੈਕਸੀਕੋ ਵਿਚ ਰੋਕਿਆ ਜਾਵੇਗਾ ਅਤੇ ਮੈਕਸੀਕੋ-ਅਮਰੀਕਾ ਸਰਹੱਦ ਉੱਤੇ ਚੋਖੀ ਫ਼ੌਜ ਲਾਈ ਗਈ ਹੈ।

ਅਮਰੀਕਾ ਵਿੱਚ ਗਵਾਟੇਮਾਲਾ ਅਤੇ ਹੋਰ ਮੱਧ ਅਮਰੀਕੀ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਨਾਰਥੀ ਆ ਰਹੇ ਹਨ। ਇਹ ਦੇਸ਼ ਗੈਂਗਾਂ ਦੀ ਹਿੰਸਾ ਦੇ ਸ਼ਿਕਾਰ ਹਨ। ਟਰੰਪ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਲੜਾਈ ਨੂੰ ਮੁੱਖ ਕੇਂਦਰ ਬਿੰਦੂ ਬਣਾਇਆ ਤਾਂ ਮੈਕਸੀਕੋ ਦੇ ਰਸਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਦੇ ਵਿਰੁੱਧ ਕਾਰਵਾਈ ਦੇ ਚੰਗੇ ਨਤੀਜੇ ਮਿਲੇ ਹਨ। ਮੈਕਸੀਕੋ ਵੱਲੋਂ ਸਰਹੱਦਾਂ ਉੱਤੇ 6000 ਜਵਾਨ ਲਾਉਣ ਮਗਰੋਂ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਇਕ ਤਿਹਾਈ ਤੋਂ ਵੱਧ ਦੀ ਕਮੀ ਆਈ ਹੈ।

## ਨਿਊਜ਼ੀਲੈਂਡ ਨੇ ਮਹਿਮਾਨਾਂ ਉੱਤੇ ਬੋਝ ਲੱਦ ਧਰਿਆ

ਆਕਲੈਂਡ, 18 ਜੂਨ (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਵੀਜ਼ਾ ਮੁਕਤ ਦੇਸ਼ਾਂ ਤੋਂ ਆਉਣ ਵਾਲੇ ਹਰ ਯਾਤਰੀ ਨੂੰ ਆਨਲਾਈਨ ਆਗਿਆ (ਟਰੈਵਲ ਅਥਾਰਟੀ) ਲੈਣੀ ਪਵੇਗੀ ਤਦੇ ਉਹ ਨਿਊਜ਼ੀਲੈਂਡ 'ਚ ਦਾਖਲ ਹੋ ਸਕਣਗੇ। ਇਹ ਨਵਾਂ ਕਾਨੂੰਨ ਪਹਿਲੀ ਅਕਤੂਬਰ 2019 ਤੋਂ ਲਾਗੂ ਹੋਣਾ ਹੈ ਤੇ ਪਹਿਲੀ ਜੁਲਾਈ ਤੋਂ ਇਸ ਦੇ ਲਈ ਰਜਿਸਟਰੇਸ਼ਨ ਖੁੱਲ੍ਹ ਜਾਵੇਗੀ। ਇਸ ਦੀ ਰਜਿਸਟਰੇਸ਼ਨ ਲਈ ਮੋਬਾਈਲ ਐਪਲੀਕੇਸ਼ਨ 'ਤੇ ਵੈਬਸਾਈਟ ਦੋਵਾਂ ਉਤੇ ਅਪਲਾਈ ਕੀਤਾ ਜਾਣ ਦਾ ਰਾਹ ਖੋਲ੍ਹ ਦਿਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਕਾਨੂੰਨ ਹੇਠ ਸਰਕਾਰ 'ਨਿਊਜ਼ੀਲੈਂਡ ਇਲੈਕਟ੍ਰਾਨਿਕ ਅਥਾਰਟੀ' ਤੇ 'ਇੰਟਰਨੈਸ਼ਨਲ ਵਿਜ਼ਟਰ ਕੰਜ਼ਰਵੇਸ਼ਨ ਐਂਡ ਟੂਰਿਜ਼ਮ ਲੇਵੀ' ਹੇਠ ਦੋ ਤਰ੍ਹਾਂ ਦੀ ਫੀਸ ਲਵੇਗੀ। ਇਸ ਪ੍ਰਣਾਲੀ ਰਾਹੀਂ ਜਿਥੇ ਯਾਤਰੀਆਂ ਦੇ ਸਮੇਂ ਦੀ ਬੱਚਤ ਹੋਵੇਗੀ, ਉਥੇ ਆਸਟਰੇਲੀਆ ਸਰਕਾਰ ਨੂੰ ਪ੍ਰਾਪਤ ਅਰਜ਼ੀਆਂ ਨਾਲ ਮੁਸਾਫਰਾਂ ਦੇ ਪਿਛੋਕੜ ਬਾਰੇ ਪਤਾ ਲੱਗ ਸਕੇਗਾ। ਯਾਤਰੀਆਂ ਦੀ ਗਿਣਤੀ ਦਾ ਪਤਾ ਲੱਗਣ 'ਤੇ ਸੈਰ ਸਪਾਟੇ ਲਈ ਆਉਂਦੇ ਲੋਕਾਂ ਲਈ ਵਿਭਾਗ ਸਹੂਲਤਾਂ ਦਾ ਪ੍ਰਬੰਧ ਕਰ ਸਕੇਗਾ। ਇਹ ਆਨਲਾਈਨ ਆਗਿਆ 'ਵੀਜ਼ਾ-ਵੇਵਰ' (ਵੀਜ਼ਾ ਮੁਕਤ) ਦੇਸ਼ਾਂ ਉਤੇ ਲਾਗੂ ਹੋਵੇਗੀ। ਦੇਸ਼ 'ਚ ਰਹਿਣ ਆ ਰਹੇ ਯਾਤਰੀਆਂ ਦੇ ਨਾਲ ਇਥੋਂ ਦੂਜੀ ਫਲਾਈਟ (ਟਰਾਂਸਜਿਟ) ਲੈਣ ਲਈ ਦਾਖਲ ਹੋ ਰਹੇ ਲੋਕਾਂ ਨੂੰ ਇਸ 'ਤੇ ਅਮਲ ਕਰਨਾ ਪਵੇਗਾ। ਆਸਟਰੇਲੀਆ ਵਿੱਚ ਪੀ ਆਰ ਹਾਸਲ ਲੋਕਾਂ ਨੂੰ ਇਹ ਆਨਲਾਈਨ ਆਗਿਆ ਲੈਣੀ ਪਵੇਗੀ। ਨਾਗਰਿਕ ਹੋਣ 'ਤੇ ਇਸ ਦੀ ਜ਼ਰੂਰਤ ਨਹੀਂ ਹੋਵੇਗੀ। ਵੀਜ਼ੇ ਦੀ ਲੋੜ ਵਾਲੇ ਦੇਸ਼ਾਂ ਦੇ ਲੋਕ ਜੋ ਕਰੂਜ਼ (ਸਮੁੰਦਰੀ ਜਹਾਜ਼) ਰਾਹੀਂ ਇਥੇ ਪਹੁੰਚਣਗੇ, ਉਨ੍ਹਾਂ ਨੂੰ ਵੀ ਇਹ ਆਨਲਾਈਨ ਆਗਿਆ ਲੈਣੀ ਪਵੇਗੀ, ਜੇ ਜਹਾਜ਼ ਰਾਹੀਂ ਪਹੁੰਚ ਕੇ ਫਿਰ ਕਰੂਜ਼ ਫੜਨਾ ਹੈ ਤਾਂ ਵੀਜ਼ਾ ਲੈਣਾ ਪਵੇਗਾ। ਇਹ ਆਨਲਾਈਨ ਆਗਿਆ ਦਾ 72 ਘੰਟਿਆਂ ਦਾ ਸਮਾਂ ਲੱਗ ਸਕੇਗਾ। ਵੈਸੇ ਆਮ ਤੌਰ 'ਤੇ ਜਲਦੀ ਹੋ ਜਾਇਆ ਕਰੇਗਾ। ਇਹ ਆਨਲਾਈਨ ਆਗਿਆ ਫਲਾਈਟ ਚੜ੍ਹਨ ਤੋਂ ਪਹਿਲਾਂ ਮਨਜ਼ੂਰ ਹੋਣੀ ਚਾਹੀਦੀ ਹੈ। ਤੇ ਇਸ ਦੀ ਮਿਆਦ ਦੋ ਸਾਲ ਤੱਕ ਹੋਇਆ ਕਰੇਗੀ। ਮੋਬਾਈਲ ਐਪ ਰਾਹੀਂ ਅਰਜੀ ਦਾਖਲ ਕਰਨ ਉਤੇ ਆਨਲਾਈਨ ਆਗਿਆ ਦਾ ਖਰਚਾ 9 ਡਾਲਰ ਜਦ ਕਿ ਵੈਬਸਾਈਟ ਰਾਹੀਂ 12 ਡਾਲਰ ਹੋਇਆ ਕਰੇਗਾ।

ਆਈ ਵੀ ਐਲ (ਇੰਟਰਨੈਸ਼ਨਲ ਵਿਜ਼ਟਰ ਕੰਜ਼ਰਵੇਸ਼ਨ ਲੇਵੀ) ਵਾਸਤੇ 35 ਡਾਲਰ ਪ੍ਰਤੀ ਵਿਅਕਤੀ ਖਰਚਾ ਆਇਆ ਕਰੇਗਾ। ਸੋ ਸਰਕਾਰ ਨੇ ਵੀਜ਼ਾ ਮੁਕਤ ਦੇਸ਼ਾਂ ਦੇ ਯਾਤਰੀਆਂ ਲਈ ਵੀਜ਼ਾ ਸਹੂਲਤ ਤਾਂ ਮੁਆਫ ਰੱਖੀ ਹੈ, ਪਰ ਤਰੀਕੇ ਨਾਲ ਉਨ੍ਹਾਂ ਦੀਆਂ ਜੇਬ੍ਹਾਂ ਜ਼ਰੂਰ ਕੁਝ ਸਾਫ ਕਰ ਲੈਣੀਆਂ ਹਨ।

## ਪਾਕਿਸਤਾਨੀ ਔਰਤਾਂ ਦਾ ਚੀਨ ਵਿੱਚ ਸ਼ੋਸ਼ਣ ਹੋ ਰਿਹੈ



ਫੈਸਲਾਬਾਦ, 18 ਜੂਨ (ਪੋਸਟ ਬਿਊਰੋ)- ਨਤਾਸ਼ਾ ਮਸੀਹ (19) ਨੇ ਪਾਕਿਸਤਾਨ ਵਿੱਚ ਜਦ ਆਪਣੀ ਮਾਂ ਨੂੰ ਕਾਹਲੀ ਵਿੱਚ ਫੋਨ ਕੀਤਾ ਤਾਂ ਉਹ ਉਸ ਨੂੰ ਦੱਸ ਨਾ ਸਕੀ ਕਿ ਉਸ ਨਾਲ ਕੀ ਵਾਪਰ ਰਿਹਾ ਹੈ। ਉਸ ਨੇ ਸਿਰਫ ਐਨਾ ਦੱਸਿਆ ਕਿ ਚੀਨ ਦੇ ਜਿਸ ਵਿਅਕਤੀ ਨੂੰ ਉਸ ਦੇ ਪਰਵਾਰ ਨੇ ਵਿਆਹ ਕਰਾਉਣ ਲਈ ਵੇਚ ਦਿੱਤਾ, ਉਹ ਉਸ 'ਤੇ ਤਸ਼ੱਦਦ ਕਰ ਰਿਹਾ ਹੈ। ਇਸ ਤੋਂ ਬਾਅਦ ਉਹ ਰੋਣ ਲੱਗ ਗਈ ਤੇ ਮਾਂ ਨੂੰ ਸਾਰੀ ਕਹਾਣੀ ਦੱਸੀ।

ਇਸ ਦੇ ਬਾਅਦ ਨਤਾਸ਼ਾ ਨੇ ਮਾਂ ਨੂੰ ਕਿਹਾ ਕਿ ਉਸ ਨੂੰ ਘਰ ਵਾਪਸ ਲੈ ਆਉਣ। ਉਸ ਨੇ ਦੱਸਿਆ ਕਿ ਪਤੀ ਨੇ ਕੁਝ ਹਫਤਿਆਂ ਤੋਂ ਉਸ ਨੂੰ ਚੀਨ ਦੇ ਕਿਸੇ ਦੂਰ ਦਰਾਜ ਦੇ ਇਲਾਕੇ ਵਿੱਚ ਹੋਟਲ 'ਚ ਰੱਖਿਆ ਹੋਇਆ ਹੈ। ਉਹ ਉਸ ਨੂੰ ਹੋਰਨਾਂ ਵਿਅਕਤੀਆਂ ਨਾਲ ਸਰੀਰਕ ਸਬੰਧ ਬਣਾਉਣ ਲਈ ਮਜ਼ਬੂਰ ਕਰਦਾ ਹੈ। ਫੈਸਲਾਬਾਦ ਦੇ ਇਕ ਝੁੱਗੀ ਝੌਂਪੜੀ ਵਾਲੇ ਇਲਾਕੇ ਵਿੱਚ ਚਰਚ ਨਾਲ ਜੁੜੀ ਉਸ ਦੀ ਮਾਂ ਕੁਝ ਜਾਣਕਾਰਾਂ ਕੋਲੋਂ ਮਦਦ ਦੀ ਆਸ ਰੱਖ ਰਹੀ ਹੈ, ਜੋ ਉਨ੍ਹਾਂ ਦੇ ਇਲਾਕੇ ਤੋਂ ਸਿਰਫ 1100 ਮੀਲ ਦੂਰ ਘਿਰੀ ਨਤਾਸ਼ਾ ਦੇ ਬਚਾਅ ਦੀ ਕੋਈ ਯੋਜਨਾਬੰਦੀ ਕਰਨ ਲੱਗੇ ਹੋਏ ਹਨ। ਨਤਾਸ਼ਾ ਉਨ੍ਹਾਂ ਸੈਂਕੜੇ ਪਾਕਿਸਤਾਨੀ ਕੁੜੀਆਂ ਵਿੱਚੋਂ ਇਕ ਹੈ, ਜਿਨ੍ਹਾਂ ਦਾ ਚੀਨੀ ਪੁਰਸ਼ਾਂ ਨਾਲ ਪੈਸੇ ਬਦਲੇ ਵਿਆਹ ਕਰ ਦਿੱਤਾ ਜਾਂਦਾ ਹੈ। ਜ਼ਿਆਦਾਤਰ ਕੁੜੀਆਂ ਈਸਾਈ ਹਨ ਜੋ ਕਿ ਮੁਲਕ ਦਾ ਬੇਹੱਦ ਗਰੀਬ ਭਾਈਚਾਰਾ ਹੈ। ਐਸੋਸੀਏਟਡ ਪ੍ਰੈਸ ਦੀ ਰਿਪੋਰਟ ਮੁਤਾਬਕ ਇਸ ਧੰਦੇ ਵਿੱਚ ਈਸਾਈ ਪਾਦਰੀ, ਪਾਕਿ ਤੇ ਚੀਨੀ ਦਲਾਲਾਂ ਦੀ ਸ਼ਮੂਲੀਅਤ ਹੈ।

## 2050 ਤੱਕ ਭਾਰਤ ਦੀ ਆਬਾਦੀ ਵਿੱਚ 273 ਕਰੋੜ ਵਾਧਾ ਹੋਣ ਦਾ ਅਨੁਮਾਨ



ਯੂ ਐਨ, 18 ਜੂਨ (ਪੋਸਟ ਬਿਊਰੋ)- ਭਾਰਤ 2027 ਦੇ ਆਸਪਾਸ ਚੀਨ ਨੂੰ ਪਿੱਛੇ ਛੱਡਦੇ ਹੋਏ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਆਬਾਦੀ ਵਾਲਾ ਦੇਸ਼ ਬਣ ਸਕਦਾ ਹੈ। ਭਾਰਤ ਦੀ ਆਬਾਦੀ ਵਿੱਚ 2050 ਤੱਕ 27.3 ਕਰੋੜ ਵਾਧਾ ਹੋ ਸਕਦਾ ਅਤੇ ਭਾਰਤ ਸ਼ਤਾਬਦੀ ਦੇ ਅੰਤ ਤੱਕ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਸਕਦਾ ਹੈ। ਯੂ ਐਨ ਦੇ ਆਰਥਿਕ ਤੇ ਸਮਾਜਿਕ ਮੁੱਦਿਆਂ ਦੇ ਵਿਭਾਗ ਦੇ ਪਾਪੂਲੇਸ਼ਨ ਡਿਵੀਜ਼ਨ' ਨੇ 'ਦ ਵਲਰਡ ਪਾਪੂਲੇਸ਼ਨ ਪ੍ਰੋਸਪੈਕਟ 2019 ਹਾਈਲਾਈਟਸ (ਵਿਸ਼ਵ ਜਨਸੰਖਿਆ ਸੰਭਾਵਨਾ) ਮੁੱਖ ਬਿੰਦੂ' ਪੇਸ਼ ਕੀਤੀ ਹੈ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਗਲੇ 30 ਸਾਲਾਂ ਵਿੱਚ ਵਿਸ਼ਵ ਦੀ ਆਬਾਦੀ ਦੋ ਅਰਬ ਤੱਕ ਵਧਣ ਦੀ ਆਸ ਹੈ। 2050 ਤੱਕ ਆਬਾਦੀ ਦੇ 7.7 ਅਰਬ ਤੋਂ ਵਧ ਕੇ 9.7 ਅਰਬ ਤੱਕ ਪਹੁੰਚਣ ਦਾ ਅਨੁਮਾਨ ਹੈ। ਇਸ ਅਧਿਐਨ ਦੇ ਮੁਤਾਬਕ ਵਿਸ਼ਵ ਦੀ ਜਨਸੰਖਿਆ ਇਸ ਸ਼ਤਾਬਦੀ ਦੇ ਅੰਤ ਤੱਕ ਕਰੀਬ 11 ਅਰਬ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। ਨਵੀਂ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 2050 ਤੱਕ ਉਪਰ ਦੱਸੀ ਸੰਸਾਰ ਆਬਾਦੀ ਦਾ ਜੋ ਵਾਧਾ ਹੋਵੇਗਾ ਉਸ 'ਚੋਂ ਅੱਧਾ ਵਾਧਾ ਭਾਰਤ, ਨਾਈਜ਼ੀਰੀਆ, ਪਾਕਿਸਤਾਨ, ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ, ਇਥੋਪੋਪੀਆ, ਤੰਜਾਨੀਆ, ਇੰਡੋਨੇਸ਼ੀਆ, ਮਿਸਰ ਅਤੇ ਅਮਰੀਕਾ ਵਿੱਚ ਹੋਣ ਦਾ ਅਨੁਮਾਨ ਹੈ।

## ਪਾਕਿਸਤਾਨ ਦੇ ਦੋ ਜੱਜਾਂ ਨੇ ਬ੍ਰਿਟੇਨ ਵਿੱਚ ਬਣਾਈ ਜਾਇਦਾਦ ਲੁਕਾਈ

### * ਸਰਕਾਰ ਅਤੇ ਬਾਰ ਕੌਂਸਲ ਆਹਮੋ-ਸਾਹਮਣੇ

ਲਾਹੌਰ, 18 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਦੋ ਜੱਜਾਂ ਵਿਰੁੱਧ ਵਿਦੇਸ਼ 'ਚ ਜਾਇਦਾਦ ਲੁਕਾਉਣ ਬਾਰ ਚੱਲ ਰਹੀ ਜਾਂਚ ਨੇ ਪਾਕਿਸਤਾਨ ਵਿੱਚ ਮਾਹੌਲ ਗਰਮ ਕਰ ਦਿੱਤਾ ਹੈ, ਜਿਸ ਨਾਲ ਬਾਰ ਕੌਂਸਲ ਅਤੇ ਸਰਕਾਰ ਆਹਮੋ-ਸਾਹਮਣੇ ਆ ਗਏ ਹਨ। ਆਉਂਦੇ ਦਿਨਾਂ ਵਿੱਚ ਇਸ ਮਾਮਲੇ ਵਿੱਚ ਤਿੱਖੇ ਮੋੜ ਆ ਸਕਦੇ ਹਨ।

ਇਸ ਮਾਮਲੇ ਵਿੱਚ ਪਾਕਿਸਤਾਨ ਤਹਿਰੀਕ ਏ ਇਨਸਾਫ (ਪੀ ਟੀ ਆਈ) ਪਾਰਟੀ ਦੀ ਸਰਕਾਰ ਨੇ ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਜੱਜ ਕਾਜ਼ੀ ਫੌਜ਼ ਈਸਾ ਅਤੇ ਸਿੰਧ ਹਾਈ ਕੋਰਟ ਨੇ ਜੱਜ ਕੇ ਕੇ ਆਗਾ ਉਤੇ ਬ੍ਰਿਟੇਨ ਵਿੱਚ ਜਾਇਦਾਦ ਦੀ ਜਾਣਕਾਰੀ ਲੁਕਾਉਣ ਦੀ ਸ਼ਿਕਾਇਤ ਸੁਪਰੀਮ ਜੁਡੀਸ਼ਲ ਕੌਂਸਲ ਨੂੰ ਕੀਤੀ ਹੈ। ਰਾਸ਼ਟਰਪਤੀ ਆਰਿਫ ਅਲਵੀ ਵੱਲੋਂ ਇਸ ਬਾਰੇ ਭੇਜੀ ਗਈ ਰਿਪੋਰਟ 'ਤੇ ਕਾਰਵਾਈ ਤੋਂ ਪਹਿਲਾਂ ਗੱਲ ਮੀਡੀਆ ਨੂੰ ਲੀਕ ਹੋ ਗਈ। ਕਾਨੂੰਨੀ ਬਿਰਾਦਰੀ ਇਸ ਜਾਂਚ ਵਿਰੁੱਧ ਖੜ੍ਹੀ ਹੋ ਗਈ ਹੈ। ਮਾਹਰ ਵਕੀਲਾਂ ਦਾ ਕਹਿਣਾ ਹੈ ਕਿ ਇਹ ਮੰਦਭਾਗਾ ਹੈ ਕਿਉਂਕਿ ਜੱਜ ਈਸਾ ਨੂੰ ਉਨ੍ਹਾਂ ਦੀ ਈਮਾਨਦਾਰੀ ਲਈ ਜਾਣਿਆ ਜਾਂਦਾ ਹੈ ਅਤੇ ਲੋਕ ਉਨ੍ਹਾਂ ਨੂੰ 2023 ਵਿੱਚ ਮੁੱਖ ਜੱਜ ਦੇ ਰੂਪ 'ਚ ਦੇਖ ਰਹੇ ਹਨ, ਪਰ ਇਸ ਤੋਂ ਪਹਿਲਾਂ ਅਜਿਹੀ ਜਾਂਚ ਹੋਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਇੱਕ ਸੀਨੀਅਰ ਵਕੀਲ ਨੇ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਕਿਹਾ, ਇਹ ਗੱਲ ਕਾਫੀ ਮਹੱਤਵ ਪੂਰਨ ਹੈ। ਇਸ ਬਾਰੇ ਕਾਨੂੰਨ ਦੀ ਵਿਆਖਿਆ 'ਤੇ ਵੱਖਰੀ ਵੱਖਰੀ ਰਾਇ ਹੈ। ਸਰਕਾਰ ਨੂੰ ਲੱਗਦਾ ਹੈ ਕਿ ਜਸਟਿਸ ਈਸਾ ਨੂੰ ਆਪਣੀ ਪਤਨੀ ਅਤੇ ਬੱਚਿਆਂ ਦੀ ਜਾਇਦਾਦ ਦਾ ਐਲਾਨ ਕਰਨਾ ਚਾਹੀਦਾ ਸੀ, ਪਰ ਕੁਝ ਵਕੀਲਾਂ ਨੂੰ ਲੱਗਦਾ ਹੈ ਕਿ ਪੈਰਾ 209 ਕਿਸੇ ਮਾਮਲੇ 'ਚ ਪਰਵਾਰ ਦੀ ਜਾਇਦਾਦ ਦੇ ਐਲਾਨ ਨਾਲ ਸੰਬੰਧਤ ਨਹੀਂ ਹੈ, ਕੋਰਟ ਵੱਲੋਂ ਇਸ ਮਾਮਲੇ ਨੂੰ ਜ਼ਰੂਰ ਨਿਪਟਾਇਆ ਜਾਣਾ ਚਾਹੀਦਾ ਹੈ। ਕਈ ਵਕੀਲਾਂ ਦਾ ਕਹਿਣਾ ਹੈ ਕਿ ਜੱਜਾਂ ਦੀ ਜਵਾਬਦੇਹੀ ਮਹੱਤਵ ਪੂਰਨ ਹੈ।

Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum - On Special Sale! -Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# 120 ਕਰੋੜ ਦੇ ਸਟੇਡੀਅਮ ਦੀ ਨੀਲਾਮੀ ਲਈ ਇੱਕ ਵੀ ਅਰਜ਼ੀ ਨਾ ਮਿਲੀ




ਜਲੰਧਰ, 18 ਜੂਨ (ਪੋਸਟ ਬਿਊਰੋ)- 250 ਕਰੋੜ ਦੇ ਸ਼ੁਰੂਆਤੀ ਰੇਟ 'ਤੇ ਨੀਲਾਮੀ ਵਿੱਚ ਰੱਖੇ ਗਏ ਗੁਰੂ ਗੋਬਿੰਦ ਸਿੰਘ ਸਟੇਡੀਅਮ ਦੀ ਨੀਲਾਮੀ ਵਿੱਚ ਹਿੱਸਾ ਲੈਣ ਲਈ ਇੱਕ ਵੀ ਅਰਜ਼ੀ ਨਹੀਂ ਮਿਲੀ, ਜਿਸ ਕਾਰਨ ਪੀ ਐੱਨ ਬੀ ਅਧਿਕਾਰੀਆਂ ਦੇ ਹੱਥ ਨਿਰਾਸ਼ਾ ਲੱਗੀ ਹੈ। ਕਰਜ਼ਾ ਮੋੜਨ ਲਈ ਪੀ ਐੱਨ ਬੀ ਵੱਲੋਂ ਜ਼ਬਤ ਕੀਤੀਆਂ ਇੰਪਰੂਵਮੈਂਟ ਟਰੱਸਟ ਦੀਆਂ 480 ਕਰੋੜ ਦੀਆਂ ਜਾਇਦਾਦਾਂ ਦੀ ਨੀਲਾਮੀ ਕਰਵਾਉਣ ਲਈ 17 ਜੂਨ ਸ਼ਾਮ ਚਾਰ ਵਜੇ ਤੱਕ ਅਰਜ਼ੀ ਦਿੱਤੀ ਜਾ ਸਕਦੀ ਸੀ, ਪਰ ਸਟੇਡੀਅਮ ਸਣੇ ਕਿਸੇ ਪ੍ਰਾਪਰਟੀ ਲਈ ਕੋਈ ਅਰਜ਼ੀ ਨਹੀਂ ਮਿਲੀ। ਇਸ ਤੋਂ ਪਹਿਲਾਂ ਵੀ ਜਦੋਂ ਬੈਂਕ ਨੇ ਟਰੱਸਟ ਦੀ ਪ੍ਰਾਪਰਟੀ ਨੂੰ ਨੀਲਾਮ ਕਰਵਾਉਣੀ ਸੀ ਤਾਂ ਕੋਈ ਅਰਜ਼ੀ ਨਹੀਂ ਸੀ ਆਈ। ਇਸ ਵਾਰ ਨੀਲਾਮੀ ਦੇ ਵਧੀਆ ਰਿਸਪਾਂਸ ਦੀ ਆਸ ਵਿੱਚ ਬੈਂਕ ਨੇ ਟਰੱਸਟ ਦੀਆਂ ਜਾਇਦਾਦਾਂ ਦੇ ਰੇਟ ਘੱਟ ਕਰ ਦਿੱਤੇ। ਫਿਰ ਵੀ ਕੋਈ ਰਿਸਪਾਂਸ ਨਹੀਂ ਮਿਲਿਆ। ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਿਰ ਤੋਂ ਰੇਟ ਘੱਟ ਕਰ ਕੇ ਨੀਲਾਮੀ ਕਰਵਾਈ ਜਾਵੇਗੀ।

ਨੀਲਾਮੀ ਵਿੱਚ ਹਿੱਸਾ ਲੈਣ ਲਈ 10 ਫੀਸਦੀ ਰਕਮ ਐਡਵਾਂਸ ਵਿੱਚ (ਅਰਨੈਸਟ ਮਨੀ ਡਿਪਾਜ਼ਟ) ਵਾਸਤੇ ਜਮ੍ਹਾ ਕਰਵਾਉਣੀ ਹੁੰਦੀ ਹੈ। ਇਸ ਸਟੇਡੀਅਮ ਦੀ ਸ਼ੁਰੂ ਦੀ ਕੀਮਤ 250 ਕਰੋੜ ਰੁਪਏ ਰੱਖੀ ਗਈ ਹੈ, ਇਸ ਲਈ 25 ਕਰੋੜ ਰੁਪਏ ਜਮ੍ਹਾ ਕਰਵਾ ਕੇ ਨੀਲਾਮੀ ਵਿੱਚ ਹਿੱਸਾ ਲਿਆ ਜਾ ਸਕਦਾ ਸੀ। ਐਡੀ ਰਕਮ ਐਡਵਾਂਸ ਵਿੱਚ ਜਮ੍ਹਾ ਕਰਵਾ ਕੇ ਕੋਈ ਰਿਸਕ ਨਹੀਂ ਲੈਣਾ ਚਾਹੁੰਦਾ। ਇਸ ਤੋਂ ਇਲਾਵਾ 230 ਕਰੋੜ ਦੀ ਦੂਜੀ ਪ੍ਰਾਪਰਟੀ ਨੀਲਾਮੀ ਵਿੱਚ ਰੱਖੀ ਗਈ ਸੀ ਜਿਸ ਵਿੱਚ ਸੂਰਿਆ ਇਨਕਲੇਵ ਐਕਸਟੈਂਸ਼ਨ ਸਕੀਮ, ਮਹਾਰਾਜਾ ਰਣਜੀਤ ਸਿੰਘ ਐਵੇਨਿਊ, ਗੁਰੂ ਗੋਬਿੰਦ ਸਿੰਘ ਐਵੇਨਿਊ, ਸੂਰਿਆ ਇਨਕਲੇਵ ਅਤੇ ਹੋਰ ਪ੍ਰਾਪਰੀਟ ਹੈ, ਪਰ ਇਸ ਲਈ ਵੀ ਕਿਸੇ ਨੇ ਕੋਈ ਰਿਸਪਾਂਸ ਨਹੀਂ ਦਿਖਾਇਆ।

ਜਲੰਧਰ ਇੰਪਰੂਵਮੈਂਟ ਟਰੱਸਟ ਦੇ ਧੁੰਦਲੇ ਅਕਸ ਕਾਰਨ ਬੈਂਕ ਨੂੰ ਨੀਲਾਮੀ ਦਾ ਰਿਸਪਾਂਸ ਨਹੀਂ ਮਿ-ਲਿਆ। ਇਹੀ ਨਹੀਂ, ਇੰਪਰੂਵਮੈਂਟ ਟਰੱਸਟ ਵੱਲੋਂ ਪਿਛਲੇ ਸਮੇਂ ਦੌਰਾਨ ਕਰਵਾਈ ਨੀਲਾਮੀ ਵਿੱਚ ਵੀ ਕੋਈ ਪ੍ਰਾਪਰਟੀ ਨਹੀਂ ਵਿਕ ਸਕੀ। ਟਰੱਸਟ ਦੇ ਧੁੰਦਲੇ ਅਕਸ ਦਾ ਕਾਰਨ 94.97 ਏਕੜ ਜ਼ਮੀਨ ਜਿਸ ਨੇ ਟਰੱਸਟ ਦਾ ਬੇੜਾ ਡੋਬ ਦਿੱਤਾ। ਇਸ ਸਕੀਮ ਲਈ ਟਰੱਸਟ ਨੇ 175 ਕਰੋੜ ਦਾ ਕਰਜ਼ਾ ਲਿਆ, ਪਰ ਸੱਤ-ਅੱਠ ਸਾਲ ਬਾਅਦ ਵੀ ਇਸ ਦੇ 112 ਕਰੋੜ ਬਾਕੀ ਹਨ। ਟਰੱਸਟ ਇੱਕ ਪਾਸੇ ਕਰਜ਼ਾ ਮੋੜਨ ਦੇ ਅਸਮਰਥ ਹੈ, ਉਥੇ ਪਲਾਟ ਹੋਲਡਰਾਂ ਨੂੰ ਵੀ ਪੋਜੈਸ਼ਨ ਨਹੀਂ ਮਿਲ ਸਕੀ ਜਿਸ ਕਾਰਨ ਕਈ ਹੋਲਡਰ ਕੰਜ਼ਿਊਮਰ ਫੋਰਮ ਦੀ ਸ਼ਰਨ ਵਿੱਚ ਜਾ ਰਹੇ ਹਨ। ਲੋਕਾਂ ਦਾ ਗੁੱਸਾ ਟਰੱਸਟ ਪ੍ਰਤੀ ਵਧਦਾ ਜਾ ਰਿਹਾ ਹੈ।

# ਵੱਡੇ ਸਨਅਤਕਾਰਾਂ ਨੂੰ ਬਿਜਲੀ ਕੁਨੈਕਸ਼ਨ ਬਾਰੇ ਮੌਜਾਂ ਲੱਗੀਆਂ



ਬਠਿੰਡਾ, 18 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਸਨਅਤ ਮਾਲਕਾਂ ਨੂੰ ਖੁੱਲ੍ਹੇ ਹੱਥ ਨਾਲ ਬਿਜਲੀ ਸਬਸਿਡੀ ਦੇ ਗੱਫੇ ਵਰਤਾਏ ਜਾ ਰਹੇ ਹਨ, ਚਾਰੇ ਪਾਸੇ ਕਿਸਾਨੀ ਨੂੰ ਮੁਫਤ ਬਿਜਲੀ ਦੇਣ ਦੇ ਢੋਲ ਵੱਜਦੇ ਹਨ। ਵੱਡੇ ਸਨਅਤਕਾਰ ਚੁੱਪ ਚੁਪੀਤੇ ਬਿਜਲੀ ਸਬਸਿਡੀ ਦੀ ਸਹੂਲਤ ਮਾਣ ਰਹੇ ਹਨ।

ਮਿਲ ਰਹੀ ਜਾਣਕਾਰੀ ਹੈਰਾਨੀ ਵਾਲੀ ਹੈ, ਜਿਸ ਹੇਠ ਪੰਜਾਬ ਸਰਕਾਰ ਮੌਜੂਦਾ ਸਮੇਂ ਵੱਡੇ ਸਨਅਤਕਾਰਾਂ ਨੂੰ ਪ੍ਰਤੀ ਕੁਨੈਕਸ਼ਨ ਔਸਤਨ 19.05 ਲੱਖ ਰੁਪਏ ਸਾਲਾਨਾ ਬਿਜਲੀ ਸਬਸਿਡੀ ਦੇ ਰਹੀ ਹੈ। ਕਿਸਾਨਾਂ ਨੂੰ ਪ੍ਰਤੀ ਕੁਨੈਕਸ਼ਨ ਔਸਤਨ ਸਿਰਫ 44 ਹਜ਼ਾਰ ਰੁਪਏ ਦੀ ਸਬਸਿਡੀ ਮਿਲਦੀ ਹੈ। ਸਰਕਾਰ ਨੇ ਬੀਤੇ ਸਾਲ ਵਿੱਚ ਪੰਜਾਬ ਦੇ ਵੱਡੇ ਸਨਅਤਕਾਰਾਂ ਨੂੰ ਕਰੀਬ 95.10 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਹੈ। ਇੱਕ ਅਖ਼ਬਾਰ ਵੱਲੋਂ ਸਰਕਾਰੀ ਦਸਤਾਵੇਜ਼ਾਂ ਦੀ ਘੋਖ ਵਿੱਚ ਕਈ ਹੈਰਾਨੀ ਵਾਲੇ ਤੱਥ ਨਿਕਲੇ ਹਨ। ਪੰਜਾਬ ਵਿੱਚ ਇਸ ਵੇਲੇ ਹਰ ਵਰਗ ਦੇ 94.78 ਲੱਖ ਬਿਜਲੀ ਕੁਨੈਕਸ਼ਨ ਹਨ। ਇਨ੍ਹਾਂ ਵਿੱਚੋਂ 1.27 ਲੱਖ ਸਨਅਤੀ ਕੁਨੈਕਸ਼ਨਾਂ ਨੂੰ ਪੰਜਾਬ ਸਰਕਾਰ ਸਾਲਾਨਾ ਕਰੀਬ 1990.38 ਕਰੋੜ ਦੀ ਸਬਸਿਡੀ ਦੇ ਰਹੀ ਹੈ। ਸਮਾਲ ਪਾਵਰ ਦੇ 87,802 ਬਿਜਲੀ ਕੁਨੈਕਸ਼ਨਾਂ ਨੂੰ ਸਿਰਫ 176.60 ਕਰੋੜ ਦੀ ਸਾਲਾਨਾ ਸਬਸਿਡੀ ਮਿਲਦੀ ਹੈ। ਮੱਧ ਆਕਾਰੀ ਸਨਅਤਾਂ ਦੇ ਕੁਨੈਕਸ਼ਨਾਂ ਦੀ ਗਿਣਤੀ 31,235 ਹੈ। ਵੱਡਾ ਲਾਹਾ ਸਿਰਫ ਵੱਡੇ ਸਨਅਤੀ ਘਰਾਣਿਆਂ ਨੂੰ ਹੀ ਮਿਲਦਾ ਹੈ। ਜਿਨ੍ਹਾਂ ਦੀ ਗਿਣਤੀ ਸਿਰਫ 8223 ਬਣਦੀ ਹੈ।

ਦੂਜੇ ਪਾਸੇ ਖੇਤੀ ਸੈਕਟਰ ਵਿੱਚ ਬਿਜਲੀ ਸਬਸਿਡੀ ਲੈ ਰਹੇ ਕੁਨੈਕਸ਼ਨਾਂ ਦੀ ਗਿਣਤੀ 13.80 ਲੱਖ ਹੈ, ਜਿਨ੍ਹਾਂ ਨੂੰ ਪ੍ਰਤੀ ਕੁਨੈਕਸ਼ਨ ਔਸਤ ਮਸਾਂ 44 ਹਜ਼ਾਰ ਰੁਪਏ ਸਾਲਾਨਾ ਸਬਸਿਡੀ ਮਿਲਦੀ ਹੈ। ਖੇਤੀ ਟਿਊਬਵੈਲ ਕੁਨੈਕਸ਼ਨਾਂ ਦੇ ਅੰਕੜੇ ਹੋਰ ਹੈਰਾਨ ਕਰਨ ਵਾਲੇ ਹਨ। ਇਥੇ ਵੀ ਵੱਡੇ ਤੇ ਪੈਸੇ ਵਾਲੇ ਕਿਸਾਨ ਸਬਸਿਡੀ ਦਾ ਲਾਭ ਲੈ ਰਹੇ ਹਨ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਵਿੱਚ 1.83 ਲੱਖ ਅਜਿਹੇ ਕਿਸਾਨ ਹਨ, ਜਿਨ੍ਹਾਂ ਕੋਲ ਇਕ ਤੋਂ ਜ਼ਿਆਦਾ ਟਿਊਬਵੈਲ ਕੁਨੈਕਸ਼ਨ ਹਨ। ਪੰਜਾਬ ਵਿੱਚ ਅਜਿਹੇ 10,128 ਕਿਸਾਨਾਂ ਦਾ ਪਤਾ ਲੱਗਾ ਹੈ ਜਿਨ੍ਹਾਂ ਦੇ ਨਾਮ 'ਤੇ ਚਾਰ ਜਾਂ ਚਾਰ ਤੋਂ ਜ਼ਿਆਦਾ ਮੋਟਰਾਂ ਹਨ। ਤਿੰਨ-ਤਿੰਨ ਖੇਤੀ ਮੋਟਰਾਂ ਵਾਲੇ ਕਿਸਾਨਾਂ ਦੀ ਗਿਣਤੀ 29,322 ਹੈ। ਦੋ-ਦੋ ਖੇਤੀ ਮੋਟਰਾਂ ਵਾਲੇ ਕਿਸਾਨਾਂ ਦੀ ਗਿਣਤੀ 1.42 ਲੱਖ ਦੇ ਕਰੀਬ ਹੈ। ਪੰਜਾਬ ਸਰਕਾਰ ਨੇ ਸਾਲ 2019-20 ਵਿੱਚ ਕਰੀਬ 9674 ਕਰੋੜ ਰੁਪਏ ਦੀ ਅਨੁਮਾਨਿਤ ਸਬਸਿਡੀ ਹਰ ਵਰਗ ਨੂੰ ਦੇਣੀ ਹੈ। ਪਾਵਰਕੌਮ ਨੂੰ ਵਰ੍ਹੇ ਦੌਰਾਨ 31,762 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਪੰਜਾਬ ਸਰਕਾਰ ਤੋਂ ਮਿਲਦੀ ਸਬਸਿਡੀ ਦੀ ਰਕਮ ਪਾਵਰਕੌਮ ਦੀ ਕੁੱਲ ਆਮਦਨ ਦਾ 30 ਫੀਸਦੀ ਹੈ। ਕਾਂਗਰਸ ਸਰਕਾਰ ਵੱਲੋਂ ਸਨਅਤਾਂ ਨੂੰ ਪੰਜ ਵਰ੍ਹਿਆਂ ਲਈ ਪ੍ਰਤੀ ਯੂਨਿਟ ਪੰਜ ਰੁਪਏ ਦੇ ਹਿਸਾਬ ਨਾਲ ਬਿਜਲੀ ਦਿੱਤੀ ਜਾ ਰਹੀ ਹੈ।

# ਬ੍ਰਿਟੇਨ ਵਿੱਚ ਮਰਦ-ਔਰਤ ਦਾ ਵਿਤਕਰਾ ਦਿਖਾਉਂਦੇ ਵਿਗਿਆਪਨਾਂ ਉਤੇ ਪਾਬੰਦੀ

ਲੰਡਨ, 18 ਜੂਨ (ਪੋਸਟ ਬਿਊਰੋ)- ਬ੍ਰਿਟੇਨ ਵਿਚ ਪੁਰਸ਼ਾਂ-ਔਰਤਾਂ ਦਾ ਭੇਦਭਾਵ ਦਿਖਾਉਂਦੇ ਵਿਗਿਆਪਨਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇਨ੍ਹਾਂ ਵਿਚ ਔਰਤਾਂ ਨੂੰ ਕੰਮ ਕਰਦੇ ਤੇ ਪੁਰਸ਼ਾਂ ਨੂੰ ਆਰਾਮ ਕਰਦੇ ਦਿਖਾਉਣਾ ਅਤੇ ਔਰਤਾਂ ਵੱਲੋਂ ਕਾਰ ਪਾਰਕ ਨਾ ਕਰ ਸਕਣਾ ਅਤੇ ਪੁਰਸ਼ਾਂ ਵੱਲੋਂ ਬੱਚੇ ਦੀ ਨੈਪੀ ਨਾ ਬਦਲ ਸਕਣ ਦੇ ਵਿਗਿਆਪਨ ਸ਼ਾਮਲ ਹਨ। ਮਾਹਰਾਂ ਦੇ ਦੱਸਣ ਮੁਤਾਬਕ ਔਰਤਾਂ ਅਤੇ ਪੁਰਸ਼ਾਂ ਦੀ ਬਰਾਬਰੀ ਲਿਆਉਣ ਲਈ ਇਹ ਵੱਡਾ ਕਦਮ ਹੈ। ਬ੍ਰਿਟੇਨ ਦੇ ਐਡਵਰਟਾਈਜ਼ਿੰਗ ਸਟੈਂਡਰਡਜ਼ ਅਥਾਰਿਟੀ (ਏ ਐੱਸ ਏ) ਮੁਤਾਬਕ ਨਵੇਂ ਨਿਯਮਾਂ ਦੇ ਲਾਗੂ ਹੋਣ ਪਿੱਛੋਂ ਔਰਤਾਂ ਦਾ ਚੰਗੀ ਤਰ੍ਹਾਂ ਡਰਾਈਵਿੰਗ ਨਾ ਕਰ ਸਕਣਾ ਜਾਂ ਔਰਤਾਂ ਵੱਲੋਂ ਸਫਾਈ ਕਰਦੇ ਰਹਿਣਾ ਅਤੇ ਪੁਰਸ਼ਾਂ ਦਾ ਸੋਫੇ ਉਤੇ ਬੈਠ ਕੇ ਆਰਾਮ ਕਰਨਾ ਆਦਿ ਵਿਗਿਆਪਨਾਂ ਵਿਚ ਕਮੀ ਆਵੇਗੀ। ਇਸੇ ਤਰ੍ਹਾਂ ਔਰਤਾਂ ਦਾ ਅਕਸ ਖਰਾਬ ਕਰਨ ਵਾਲੇ ਐਡ ਦਿਖਾਉਣ ਨੂੰ ਨਿਯਮ ਵਿਰੁੱਧ ਮੰਨਿਆ ਜਾਵੇਗਾ। ਅਜਿਹਾ ਕਰਨ ਉੱਤੇ ਕਾਰਵਾਈ ਕੀਤੀ ਜਾਵੇਗੀ।

ਏ ਐੱਸ ਏ ਨੇ ਇਸ਼ਤਿਹਾਰ ਦੇਣ ਵਾਲਿਆਂ ਨੂੰ ਤਬਦੀਲੀ ਲਈ 6 ਮਹੀਨੇ ਸਮਾਂ ਦਿੱਤਾ ਹੈ। ਇਸ ਦੇ ਪ੍ਰਮੁੱਖ ਗਾਈ ਪਾਰਕਰ ਨੇ ਬਿਆਨ ਵਿਚ ਕਿਹਾ ਕਿ ਵੱਖ-ਵੱਖ ਸਟੱਡੀਜ਼ ਤੋਂ ਪਤਾ ਲੱਗਾ ਹੈ ਕਿ ਵਿਗਿਆਪਨਾਂ ਵਿਚ ਲਿੰਗਕ ਭੇਦਭਾਵ ਦਿਖਾਉਣ ਨਾਲ ਸਮਾਜ ਵਿਚ ਅਸਮਾਨਤਾ ਫੈਲ ਸਕਦੀ ਹੈ। ਇਸ ਦੀ ਕੀਮਤ ਸਭ ਨੂੰ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਸੰਸਥਾ ਦਾ ਸਾਰੇ ਵਿਗਿਆਪਨਾਂ ਉੱਤੇ ਪਾਬੰਦੀ ਦਾ ਇਰਾਦਾ ਨਹੀਂ, ਪਰ ਜਿਨ੍ਹਾਂ ਦਾ ਬੁਰਾ ਅਸਰ ਪੈਂਦਾ ਹੈ, ਉਨ੍ਹਾਂ ਉੱਤੇ ਪਾਬੰਦੀ ਲਾਜ਼ਮੀ ਹੈ। ਉਨ੍ਹਾਂ ਨੇ ਕਿਹਾ ਕਿ ਬੱਚੇ ਦੀਆਂ ਸੰਭਾਵਨਾਵਾਂ ਉੱਤੇ ਬਣਨ ਵਾਲੇ ਐਡ ਜਿਵੇਂ ਮੁੰਡੇ ਇੰਜੀਨੀਅਰ ਹੀ ਬਣਨਗੇ ਜਾਂ ਕੁੜੀਆਂ ਡਾਂਸ ਹੀ ਚੰਗਾ ਕਰ ਸਕਦੀਆਂ ਹਨ, ਦੀ ਮਾਨਸਿਕਤਾ ਦਿਖਾਉਣਾ ਮਨਜ਼ੂਰ ਨਹੀਂ ਹੋਵੇਗਾ। ਏ ਐੱਸ ਏ ਦਾ ਤਰਕ ਹੈ ਕਿ ਅੱਜਕਲ੍ਹ ਲੋਕ ਆਨਲਾਈਨ ਤੇ ਸੋਸ਼ਲ ਮੀਡੀਆ ਉਤੇ ਬਰਾਬਰ ਸਰਗਰਮ ਹਨ। ਇਸ ਲਈ ਇਨ੍ਹਾਂ ਨੂੰ ਇਸ ਘੇਰੇ ਵਿਚ ਲਿਆਂਦਾ ਗਿਆ ਹੈ। ਇਸ ਲਈ ਏ ਐੱਸ ਏ ਨੇ ਔਰਤਾਂ ਤੇ ਪੁਰਸ਼ਾਂ ਦੇ ਗਰੁੱਪ ਨੂੰ ਵਿਗਿਆਪਨ ਦਿਖਾ ਕੇ ਪੁੱਛਿਆ ਸੀ ਕਿ ਪੁਰਸ਼ਾਂ ਤੇ ਔਰਤਾਂ ਦੀ ਭੂਮਿਕਾ ਦੇਖ ਕੇ ਕਿੱਦਾਂ ਮਹਿਸੂਸ ਕਰਦੇ ਹਨ। ਇਸ ਦੌਰਾਨ ਕੁਝ ਮਾਤਾ-ਪਿਤਾ ਨੇ ਉਨ੍ਹਾਂ ਵਿ-ਗਿਆਪਨਾਂ ਉੱਤੇ ਇਤਰਾਜ਼ ਜ਼ਾਹਰ ਕੀਤਾ ਸੀ, ਜਿਨ੍ਹਾਂ ਵਿਚ ਬੱਚਿਆਂ ਦੇ ਭਵਿੱਖ ਜਾਂ ਪ੍ਰੋਫੈਸ਼ਨ ਸਬੰਧੀ ਜ਼ਿਕਰ ਸੀ।

# ਦੁਨੀਆ ਤੋਂ 600 ਐਟਮੀ ਹਥਿਆਰ ਘਟੇ, ਪਰ ਸਮਰੱਥਾ ਵਧੀ

ਸਟਾਕਹੋਮ, 18 ਜੂਨ (ਪੋਸਟ ਬਿਊਰੋ)- ਦੁਨੀਆ ਵਿੱਚ ਪਿਛਲੇ ਇੱਕ ਸਾਲ ਦੌਰਾਨ ਐਟਮੀ ਹਥਿਆਰਾਂ ਦੀ ਗਿਣਤੀ ਤਾਂ ਘੱਟ ਹੋਈ, ਪਰ ਉਨ੍ਹਾਂ ਦੀ ਸਮਰੱਥਾ ਵਧਾਉਣ ਦਾ ਕੰਮ ਜ਼ੋਰਾਂ ਨਾਲ ਹੋਇਆ। ਇਸ ਸਮੇਂ ਦੁਨੀਆ ਵਿੱਚ ਕੁੱਲ 13,865 ਐਟਮੀ ਹਥਿਆਰ ਹਨ, ਜੋ ਦੁਨੀਆ ਦੀ ਸਾਰੀ ਆਬਾਦੀ ਨੂੰ ਕਈ ਵਾਰ ਖਤਮ ਕਰ ਸਕਦੇ ਹਨ।

ਇਹ ਜਾਣਕਾਰੀ ਸਟਾਕਹੋਮ ਅੰਤਰਰਾਸ਼ਟਰੀ ਸ਼ਾਂਤੀ ਖੋਜ ਸੰਸਥਾ ਦੀ ਰਿਪੋਰਟ ਵਿੱਚ ਸਾਹਮਣੇ ਆਈ ਹੈ। ਇਸ ਦੀ ਰਿਪੋਰਟ ਅਨੁਸਾਰ 2019 ਵਿੱਚ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ, ਭਾਰਤ, ਪਾਕਿਸਤਾਨ, ਇਜ਼ਰਾਈਲ ਤੇ ਉਤਰੀ ਕੋਰੀਆ ਦੇ ਨੇੜੇ ਐਟਮੀ ਹਥਿਆਰਾਂ ਦੀ ਗਿਣਤੀ 13,865 ਰਹਿ ਗਈ ਅਤੇ ਇਹ ਗਿਣਤੀ 2018 ਦੇ ਕੁੱਲ ਐਟਮੀ ਹਥਿਆਰਾਂ ਤੋਂ 600 ਘੱਟ ਹੈ। ਮਤਲਬ ਸਾਫ ਹੈ ਕਿ ਇਸ ਸਾਲ ਮਨੁੱਖੀ ਇਤਿਹਾਸ ਦੇ ਸਭ ਤੋਂ ਖਤਰਨਾਕ ਹਥਿਆਰ ਘੱਟ ਹੋਏ, ਪਰ ਇਸ ਦੌਰਾਨ ਐਟਮੀ ਹਥਿਆਰ ਸੰਪੰਨ ਸਾਰੇ ਦੇਸ਼ਾਂ ਨੇ ਆਪਣੇ ਹਥਿਆਰਾਂ ਦੇ ਜ਼ਖੀਰੇ ਦਾ ਆਧੁਨਿਕੀਕਰਣ ਕੀਤਾ ਹੈ। ਚੀਨ, ਭਾਰਤ ਅਤੇ ਪਾਕਿਸਤਾਨ ਨੇ ਆਪਣੇ ਐਟਮੀ ਹਥਿਆਰਾਂ ਦਾ ਭੰਡਾਰ ਵਧਾਇਆ ਵੀ ਹੈ। ਜਿਨ੍ਹਾਂ ਦੇਸ਼ਾਂ ਨੇ ਆਪਣੇ ਹਥਿਆਰਾਂ ਦੀ ਗਿਣਤੀ ਵਿੱਚ ਕਟੌਤੀ ਕੀਤੀ ਹੈ ਉਹ ਅਮਰੀਕਾ ਅਤੇ ਰੂਸ ਹਨ। ਇਨ੍ਹਾਂ ਦੋਵਾਂ ਦੇਸ਼ਾਂ ਕੋਲ ਕੁੱਲ ਗਿਣਤੀ ਦੇ ਨੱਬੇ ਫੀਸਦੀ ਐਟਮੀ ਹਥਿਆਰ ਹਨ। ਦੋਵਾਂ ਦੇਸ਼ਾਂ ਵਿੱਚ ਐਟਮੀ ਹਥਿਆਰ ਬਣਾਉਣ ਦਾ ਮੁਕਾ-ਬਲਾ 2010 ਵਿੱਚ ਹੋਈ ਸਟਾਰਟ ਸੰਧੀ ਨਾਲ ਰੁਕਿਆ ਸੀ। ਇਸ ਪਿੱਛੋਂ ਸਰਦ ਯੁੱਧ ਕਾਲ ਦਾ ਖਾਤਮਾ ਹੋਇਆ ਸੀ। ਦੋਵਾਂ ਦੇਸ਼ਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਆਪਣੇ ਐਟਮੀ ਹਥਿਆਰ ਨਸ਼ਟ ਕੀਤੇ ਸਨ। ਸਰਦ ਯੁੱਧ ਕਾਲ ਵਿੱਚ ਇੱਕ ਸਮੇਂ ਤਾਂ ਦੁਨੀਆ ਦੇ ਐਟਮੀ ਹਥਿਆਰਾਂ ਦੀ ਗਿਣਤੀ ਸੱਤਰ ਹਜ਼ਾਰ ਦੇ ਨੇੜੇ ਪਹੁੰਚ ਗਈ ਸੀ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)







## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੋਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4", 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


## Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com




# ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਸਾਰਥਿਕਤਾ ਸਬੰਧੀ ਅੰਤਰਰਾਸ਼ਟਰੀ ਸੈਮੀਨਾਰ ਸਫ਼ਲ ਰਿਹਾ















ਬਰੈਂਪਟਨ, (ਡਾ. ਝੰਡ) -ਪੰਜਾਬੀ ਭਵਨ ਟੋਰਾਂਟੋ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਬੀਤੇ ਐਤਵਾਰ 16 ਜੂਨ ਨੂੰ ਸਥਾਨਕ ਮੈਰੀਅਟ ਹੋਟਲ ਵਿਚ ਹੋਇਆ ਅੰਤਰਰਾਸ਼ਟਰੀ ਸੈਮੀਨਾਰ ਸਫ਼ਲਤਾ ਪੂਰਵਕ ਸੰਪੰਨ ਹੋਇਆ। ਸੈਮਨਾਰ ਦੀ ਸ਼ੁਰੂਆਤ ਕਰਮ ਸਿੰਘ ਮਰਵਾਹਾ ਵੱਲੋਂ ਵਾਇਲਨ 'ਤੇ ਵਜਾਈ ਗਈ ਮਧੁਰ ਧੁਨ ਅਤੇ ਪ੍ਰਸਿੱਧ ਗਾਇਕ ਪ੍ਰੋ. ਉਪਕਾਰ ਸਿੰਘ ਪਾਤਰ ਵੱਲੋਂ ਗਾਏ ਗਏ ਗੁਰੂ ਨਾਨਕ ਦੇਵ ਜੀ ਦੇ ਕੁਦਰਤ ਦੀ ਆਰਤੀ ਵਾਲੇ ਸ਼ਬਦ "ਕੈਸੀ ਆਰਤੀ ਹੋਇ" ਨਾਲ ਕੀਤੀ ਗਈ। ਮੁੱਖ-ਮਹਿਮਾਨਾਂ ਵੱਲੋਂ ਮੋਮਬੱਤੀਆਂ ਜਗਾਉਣ ਉਪਰੰਤ ਪੰਜਾਬੀ ਯੁਨੀਵਰਸਿਟੀ ਪਟਿਆਲਾ ਵੱਲੋਂ ਛਾਪੀ ਗਈ ਡਾ. ਦਲਜੀਤ ਸਿੰਘ ਵਾਲੀਆਂ ਦੁਆਰਾ ਸੰਪਾਦਿਤ ਪੁਸਤਕ 'ਗੁਰੂ ਨਾਨਕ ਦੇਵ: 1469-1539' ਲੋਕ-ਅਰਪਿਤ ਕੀਤੀ ਗਈ ਅਤੇ ਇਸ ਦੇ ਨਾਲ ਹੀ ਸੈਮੀਨਾਰ ਦੇ ਉਦਘਾਟਨੀ-ਸੈਸ਼ਨ ਦੇ ਸ਼ੁਭ ਆਰੰਭ ਲਈ ਮੰਚ-ਸੰਚਾਲਕ ਲਵੀਨ ਗਿੱਲ ਵੱਲੋਂ ਪ੍ਰਧਾਨਗੀ-ਮੰਡਲ ਵਿਚ ਸੁਸ਼ੋਭਿਤ ਹੋਣ ਲਈ ਡਾ. ਵਰਿਆਮ ਸਿੰਘ ਸੰਧੂ, ਮੁੱਖ-ਮਹਿਮਾਨ ਜਸਵੰਤ ਜ਼ਫ਼ਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਡਾ. ਦਲਜੀਤ ਸਿੰਘ ਵਾਲੀਆ, ਪ੍ਰਿੰ. ਸਰਵਣ ਸਿੰਘ ਅਤੇ ਡਾ. ਕੁਲਜੀਤ ਸਿੰਘ ਜੰਜੂਆ ਨੂੰ ਸੱਦਾ ਦਿੱਤਾ ਗਿਆ। ਸੈਮੀਨਾਰ ਦੇ ਮੁੱਖ ਆਯੋਜਿਕ ਵਿਪਨਦੀਪ ਸਿੰਘ ਮਰੋਕ ਵੱਲੋਂ ਭਾਰਤੋਂ ਆਏ ਵਿਸ਼ੇਸ਼ ਮਹਿਮਾਨਾਂ, ਸੈਮੀਨਾਰ ਵਿਚ ਭਾਗ ਲੈਣ ਵਾਲੇ ਸਮੂਹ ਬੁਲਾਰਿਆਂ ਅਤੇ ਆਏ ਸਮੂਹ ਮਹਿਮਾਨਾਂ ਨੂੰ ਜੀ-ਆਇਆਂ ਕਿਹਾ ਗਿਆ।

ਉਪਰੰਤ, ਘਣੀ ਵਸੋਂ ਵਾਲੇ ਸ਼ਹਿਰ ਲੁਧਿਆਣੇ ਵਿਚ ਨਾਨਕਸ਼ਾਹੀ ਇੱਟਾਂ ਦੇ ਘਰ ਵਿਚ ਰਹਿਣ ਵਾਲੇ ਪੇਸ਼ੇ ਵਜੋਂ ਇੰਜੀਨੀਅਰ, 'ਅਸੀਂ ਬਾਬੇ ਨਾਨਕ ਦੇ ਕੀ ਲੱਗਦੇ ਹਾਂ' ਤੇ 'ਗੁਰਮੁਖ ਸਿੰਘ' ਵਰਗੀਆਂ ਉੱਚ-ਪਾਏ ਦੀ ਕਵਿਤਾਵਾਂ ਦੇ ਰਚਾਇਤਾ ਤੇ ਉੱਘੇ-ਚਿੰਤਕ ਜਸਵੰਤ ਜ਼ਫ਼ਰ ਨੇ ਆਪਣਾ ਕੁੰਜੀਵਤ-ਭਾਸ਼ਨ ਆਰੰਭ ਕਰਦਿਆਂ ਕਿਹਾ ਕਿ ਸਾਡੇ ਸਾਰਿਆਂ ਦੇ ਮਨਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਬਿਰਧ ਪੈਗੰਬਰੀ-ਬਿੰਬ ਬਣਿਆ ਹੋਇਆ ਹੈ ਅਤੇ ਉਨ੍ਹਾਂ ਦੀਆਂ ਚਾਰ-ਉਦਾਸੀਆਂ ਦੇ ਲੰਮੇਂ ਸਫ਼ਰ ਦੇ ਪਹਿਲੇ ਪੜਾਆਂ ਦੀ ਜਵਾਨੀ ਵਾਲੀ ਕੋਈ ਵੀ ਤਸਵੀਰ ਸਾਡੇ ਜ਼ਿਹਨ ਵਿਚ ਨਹੀ ਆਉਂਦੀ। ਉਨ੍ਹਾਂ ਦਾ ਕਹਿਣਾ ਸੀ ਕਿ ਬੀਤੇ ਸਮੇਂ ਵਿਚ ਸੱਤਾ ਸਿਰਫ਼ ਰਾਜਿਆਂ ਕੋਲ ਹੀ ਸੀ ਅਤੇ ਉਨ੍ਹਾਂ ਦੇ ਅਧਿਕਾਰ-ਖ਼ੇਤਰ ਵਿਚ ਲੋਕਾਂ 'ਤੇ ਜ਼ੁਲਮ ਕਰਨ ਦਾ ਅਧਿਕਾਰ ਵੀ ਸ਼ਾਮਲ ਸੀ। ਏਸੇ ਲਈ ਬਾਬੇ ਨਾਨਕ ਨੂੰ ਵੀ ਇਸ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਗੁਰੂ ਨਾਨਕ ਨੇ ਬ੍ਰਾਹਮਣ ਦੀ ਸੱਤਾ 'ਤੇ ਹਮਲਾ ਕੀਤਾ ਅਤੇ ਬ੍ਰਾਹਮਣ ਦੀ ਭੂਮਿਕਾ ਨੂੰ ਮੁੜ-ਪ੍ਰੀਭਾਸ਼ਿਤ ਕੀਤਾ। ਉਨ੍ਹਾਂ ਕਿਹਾ ਕਿ ਪੁਰਸ਼ਈ-ਸੱਤਾ ਦੀਆਂ ਹੱਕਦਾਰ ਇਸਤ੍ਰੀਆਂ ਵੀ ਹਨ ਅਤੇ ਉਨ੍ਹਾਂ ਨੂੰ ਸਮਾਜ ਵਿਚ ਬਰਾਬਰੀ ਦਾ ਹੱਕ ਹੋਣਾ ਚਾਹੀਦਾ ਹੈ। ਪਿਤਰੀ-ਸੱਤਾ ਨੂੰ ਨਾ ਹੀ ਉਨ੍ਹਾਂ ਆਪ ਕਬੂਲਿਆ ਅਤੇ ਨਾ ਹੀ ਇਸ ਨੂੰ ਆਪਣੇ ਪੁੱਤਰਾਂ 'ਤੇ ਲਾਗੂ ਕੀਤਾ। ਸ਼ਬਦ ਤੇ ਅੱਖਰ ਦੀ ਮਹਿਮਾ ਕਰਦਿਆਂ ਹੋਇਆਂ ਗੁਰੂ ਜੀ ਨੇ ਵਿਦਿਆ ਦੇ ਪਸਾਰ ਦੀ ਗੱਲ ਬਹੁਤ ਹੀ ਵਧੀਆ ਢੰਗ ਨਾਲ ਕੀਤੀ।

ਪ੍ਰਧਾਨਗੀ-ਭਾਸ਼ਨ ਦੌਰਾਨ ਡਾ. ਵਰਿਆਮ ਸਿੰਘ ਸੰਧੂ ਨੇ ਵੀ ਆਪਣੀ ਗੱਲ ਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ ਤੋਂ ਹੀ ਸ਼ੁਰੂ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਉਪਦੇਸ਼ਾਂ ਦਾ ਨਿੱਘ ਅਜੇ ਤੀਕ ਸਾਡੇ ਮਨਾਂ ਵਿਚ ਨਹੀਂ ਪਹੁੰਚਿਆ ਅਤੇ ਅਸੀਂ ਗੁਰੂ ਜੀ ਦੀਆਂ ਤਸਵੀਰਾਂ ਨੂੰ ਹੀ ਮੱਥਾ ਟੇਕੀ ਜਾਂਦੇ ਹਾਂ ਜਿਨ੍ਹਾਂ ਵਿਚ ਅੱਜਕੱਲ੍ਹ ਸੱਭ ਤੋਂ ਪ੍ਰਮੁੱਖ ਸੋਭਾ ਸਿੰਘ ਆਰਟਿਸਟ ਦੀ ਬਣਾਈ ਹੋਈ 1969 ਵਿਚ ਰੀਲੀਜ਼ ਹੋਈ ਤਸਵੀਰ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਕਾਲੀ ਵੇਈਂ ਵਿਚ 'ਚੁੱਭੀ' ਆਤਮ-ਗਿਆਨ ਲਈ ਮਾਰੀ ਸੀ ਅਤੇ ਤਿੰਨ ਦਿਨਾਂ ਬਾਅਦ ਲੋਕਾਂ ਨੂੰ 'ਨਾ ਹਮ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦਿੱਤਾ ਸੀ ਤੇ ਚੰਗਾ ਇਨਸਾਨ ਹੋਣ ਨੂੰ ਉੱਤਮ ਕਿਹਾ ਸੀ। ਉਨ੍ਹਾਂ ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਨਾ ਕੇਵਲ ਆਵਾਜ਼ ਹੀ ਬੁਲੰਦ ਕੀਤੀ, ਸਗੋਂ ਅਮਲੀ ਤੌਰ 'ਤੇ ਮਲਿਕ ਭਾਗੋ ਵਰਗਿਆਂ ਦਾ ਸਾਥ ਨਾ ਦੇ ਕੇ ਭਾਈ ਲਾਲੋ ਵਰਗੇ ਕਿਰਤੀਆਂ ਨੂੰ ਪਹਿਲ ਦਿੱਤੀ। ਰਾਜਿਆਂ ਨੂੰ ਸ਼ੀਹ ਤੇ ਉਨ੍ਹਾਂ ਦੇ ਮੁਕੱਦਮਾਂ ਨੂੰ ਕੁੱਤੇ ਤੱਕ ਕਿਹਾ। ਯੋਗੀਆਂ ਤੇ ਸਿੱਧਾਂ ਆਦਿ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਦੁਨਿਆਵੀ-ਭਗੌੜੇ ਕਰਾਰ ਦੇ ਕੇ ਉਨ੍ਹਾਂ ਗ੍ਰਿਹਸਥੀ ਜੀਵਨ ਨੂੰ ਉੱਤਮ ਕਿਹਾ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਬਹੁਤ ਸਾਰੇ ਲੋਕ ਧਾਰਮਿਕ ਸੰਵਾਦ ਕਰਨ ਅਤੇ ਧਰਮ ਸਬੰਧੀ ਖੋਜ ਕਰਨ ਤੋਂ ਡਰਦੇ ਹਨ ਕਿਉਂਕਿ ਪੁਰਾਤਨ ਜਨਮ-ਸਾਖੀਆਂ ਅਤੇ ਹੋਰ ਸਿੱਖ-ਇਤਿਹਾਸ ਉੱਪਰ ਖੋਜ ਕਰਕੇ ਸੱਚ ਸਾਹਮਣੇ ਲਿਆਉਣ ਵਾਲੇ ਖੋਜੀਆਂ ਡਾ. ਪਿਆਰ ਸਿੰਘ, ਡਾ. ਪਸ਼ੌਰਾ ਸਿੰਘ ਵਰਗਿਆਂ ਨੂੰ ਧਰਮ ਵਿੱਚੋਂ ਛੇਕ ਦਿੱਤਾ ਜਾਂਦਾ ਹੈ।

ਸੈਮੀਨਾਰ ਦੇ ਪਹਿਲੇ ਵਿਦਿਅਕ ਸੈਸ਼ਨ "ਕਿਵ ਸਚਿਆਰਾ ਹੋਇਐ" ਦੀ ਸ਼ੁਰੂਆਤ ਕਰਦਿਆਂ ਇਸ ਦੇ ਕੋਆਰਡੀਨੇਟਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਡਾ. ਸੁਖਦੇਵ ਸਿੰਘ ਝੰਡ, ਇਸ ਸੈਸ਼ਨ ਦੇ ਬੁਲਾਰਿਆਂ ਡਾ. ਡੀ.ਪੀ. ਸਿੰਘ, ਡਾ. ਗੁਰਨਾਮ ਕੌਰ, ਅਹਿਮਦੀਆ ਮੁਸਲਮ ਜਮਾਤ ਦੇ ਬੁਲ-ਾਰੇ ਜਨਾਬ ਮੁਖ਼ਤਾਰ ਅਹਿਮਦ ਚੀਮਾ, ਕਹਾਣੀਕਾਰ ਗੁਰਮੀਤ ਕੜਿਆਲਵੀ ਨੂੰ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਉਪਰੰਤ, ਮੁਖ਼ਤਾਰ ਅਹਿਮਦ ਚੀਮਾ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਨੂੰ ਸੱਭ ਤੋਂ ਪਹਿਲਾਂ ਚੰਗੇ ਇਨਸਾਨ ਬਣਨ ਦੀ ਜ਼ਰੂਰਤ ਹੈ। ਮਜ਼ਹਬ ਤੇ ਫ਼ਿਰਕੇ ਸੱਭ ਬਾਅਦ ਦੇ ਮਸਲੇ ਹਨ। ਉਨ੍ਹਾਂ ਅਹਿਮਦੀਆ ਜਮਾਤ ਦੇ ਨਾਅਰੇ 'ਸਾਰਿਆਂ ਨੂੰ ਪਿਆਰ ਕਰੋ ਤੇ ਨਫ਼ਰਤ ਕਿਸੇ ਨਾਲ ਵੀ ਨਾ ਕਰੋ' ਦੀ ਵਿਆਖਿਆ ਵੀ ਕੀਤੀ। ਸੈਸ਼ਨ ਦੇ ਅਗਲੇ ਬੁਲਾਰੇ ਡਾ. ਡੀ.ਪੀ. ਸਿੰਘ ਨੇ ਪਾਵਰ-ਪੁਆਇੰਟ ਦੀ ਮਦਦ ਨਾਲ ਆਪਣੇ ਪੇਪਰ "ਗੁਰੂ ਨਾਨਕ ਦੀ ਫ਼ਿਲਾਸਫ਼ੀ ਅਤੇ ਇਸ ਨੂੰ ਅਮਲ ਵਿਚ ਲਿਆਉਣ" ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਗੁਰੂ ਨਾਨਕ ਬਾਣੀ ਦੀਆਂ ਵੱਖ-ਵੱਖ ਤੁਕਾਂ ਰਾਹੀਂ ਲੋਕਤੰਤਰ ਦੇ ਚਾਰ ਅਸੂਲਾਂ, ਬਰਾਬਰੀ, ਸਾਂਝੀਵਾਲਤਾ, ਆਜ਼ਾਦੀ ਅਤੇ ਨਿਆਂ ਦੀ ਵਿਆਖਿਆ ਕੀਤੀ। ਪੰਜਾਬ ਦੀ ਹਵਾ ਤੇ ਪਾਣੀ ਦੇ ਪ੍ਰਦੂਸ਼ਤ ਹੋ ਜਾਣ 'ਤੇ ਚਿੰਤਾ ਪ੍ਰਗਟ ਕਰਦਿਆਂ ਹੋਇਆਂ ਗੁਰੂ ਨਾਨਕ ਦੇ ਵਾਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹੱਤ' ਅਨੁਸਾਰ ਇਨ੍ਹਾਂ ਦੇ ਸੁਧਾਰ ਲਈ ਅੱਜਕੱਲ੍ਹ ਕੋਸ਼ਿਸ਼ ਕਰ ਰਹੇ ਵਿਅੱਕਤੀਆਂ ਤੇ ਸੰਸਥਾਵਾਂ ਦੀ ਵੀ ਭਰਪੂਰ ਪ੍ਰਸ਼ੰਸਾ ਕੀਤੀ। ਏਸੇ ਤਰ੍ਹਾਂ ਅਗਲੇ ਬੁਲਾਰੇ ਡਾ. ਗੁਰਨਾਮ ਕੌਰ ਨੇ ਆਪਣੇ ਪੇਪਰ "ਆਸਾ ਦੀ ਵਾਰ:ਇਕ ਅਧਿਐਨ" ਵਿਚ ਉਨ੍ਹਾਂ ਨੇ ਗੁਰੂ ਸਾਹਿਬ ਵੱਲੋਂ ਇਸ ਵਿਚ ਧਾਰਮਿਕ ਪਾਖੰਡਾਂ, ਪ੍ਰਮਾਤਮਾ ਨੂੰ ਸਹੀ ਅਰਥਾਂ ਵਿਚ ਸਮਝਣ ਅਤੇ ਇਸ ਵਿਚ ਆਏ ਸ਼ਬਦਾਂ ਵਿਸਮਾਦ, ਕੁਦਰਤ, ਸੱਚ, ਆਦਿ ਦੀ ਬਾਖ਼ੂਬੀ ਵਿਆਖਿਆ ਕੀਤੀ। ਉਨ੍ਹਾਂ ਸੱਚ ਦਾ ਜਨੇਊ ਪਾਉਣ ਅਤੇ ਸਮਾਜ ਵਿਚ ਇਸਤਰੀ ਦੇ ਬਰਾਬਰੀ ਵਾਲੇ ਦਰਜੇ ਦੀ ਵੀ ਬਾਖ਼ੂਬੀ ਚਰਚਾ ਕੀਤੀ। ਇਸ ਸੈਸ਼ਨ ਵਿਚ ਸਕੂਲ-ਟਰੱਸਟੀ ਬਲਬੀਰ ਸੋਹੀ ਅਤੇ ਐੱਮ.ਪੀ.ਪੀ.ਦੀਪਕ ਅਨੰਦ ਨੇ ਵੀ ਕੁਝ ਮਿੰਟਾਂ ਲਈ ਆਪਣੀ ਹਾਜ਼ਰੀ ਲੁਆਈ। ਬਹਿਸ ਵਿਚ ਸ਼ਾਮਲ ਹੁੰਦਿਆਂ ਹੁਰਚਰਨ ਸਿੰਘ ਬਰਾੜ, ਡਾ. ਦਲਜੀਤ ਸਿੰਘ ਵਾਲੀਆ ਤੇ ਕਈ ਹੋਰ ਸਰੋਤਿਆਂ ਨੇ ਆਪਣੇ ਲਿਖਤੀ ਸੁਆਲ ਮੰਚ-ਸੰਚਾਲਕ ਨੂੰ ਪਹੁੰਚਾਏ ਜਿਨ੍ਹਾਂ ਦੇ ਤਸੱਲੀ-ਪੂਰਵਕ ਜੁਆਬ ਬੁਲਾਰਿਆਂ ਵੱਲੋਂ ਦਿੱਤੇ ਗਏ। ਅਖ਼ੀਰ ਵਿਚ ਡਾ. ਸੁਖਦੇਵ ਸਿੰਘ ਝੰਡ ਨੇ ਸੈਸ਼ਨ ਦੀ ਕਾਰਵਾਈ ਨੂੰ ਸਮੇਟਦਿਆਂ ਹੋਇਆਂ ਕਿਹਾ ਕਿ ਇਸ ਸੈਸ਼ਨ ਵਿਚ ਸਾਰੇ ਹੀ ਬੁਲਾਰਿਆਂ ਨੇ ਬੜੇ ਵਿਦਵਤਾ ਭਰਪੂਰ ਵਿਚਾਰ ਪੇਸ਼ ਕੀਤੇ ਹਨ ਅਤੇ ਸਾਨੂੰ ਇਸ ਕਿਸਮ ਦੇ ਵਿੱਦਿਅਕ ਸੈਮੀਨਾਰਾਂ ਦਾ ਆਯੋਜਨ ਕਰਕੇ ਹੋਰ ਸੰਵਾਦ ਛੇੜਨ ਦੀ ਜ਼ਰੂਰਤ ਹੈ।

ਸੈਮੀਨਾਰ ਦੇ ਦੂਸਰੇ ਵਿੱਦਿਅਕ ਸੈਸ਼ਨ "ਕੂੜਿ ਫਿਰੈ ਪਰਧਾਨ ਵੇ ਲਾਲੋ" ਦੀ ਵਾਗਡੋਰ ਸੰਭਾਲਦਿਆਂ ਹੋਇਆਂ ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰਧਾਨਗੀ-ਮੰਡਲ ਵਿਚ ਬਿਰਾਜਮਾਨ ਹੋਣ ਲਈ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ, ਸੈਸ਼ਨ ਦੇ ਬੁਲਾਰਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ 'ਤੇ ਆਏ ਡਾ.ਦਲਜੀਤ ਸਿੰਘ ਵਾਲੀਆ, ਡਾ. ਕੰਵਲਜੀਤ ਕੌਰ ਢਿੱਲੋਂ, ਉੱਘੇ ਗ਼ਜ਼ਲਗੋ ਗੁਰਤੇਜ ਕੁਹਾੜਵਾਲਾ ਅਤੇ ਪੱਛਮੀ ਪੰਜਾਬ ਦੀ ਮਸ਼ਹੂਰ ਗਾਇਕਾ ਤਾਹਿਰਾ ਸਰਾਂ ਨੂੰ ਬੇਨਤੀ ਕੀਤੀ। ਉਪਰੰਤ, ਪਹਿਲੇ ਬੁਲਾਰੇ ਡਾ. ਦਲਜੀਤ ਸਿੰਘ ਵਾਲੀਆ ਨੇ ਆਪਣੇ ਪੇਪਰ "ਗੁਰੂ ਨਾਨਕ ਬਾਣੀ ਦਾ ਸਮਾਜਿਕ ਪਰਿਪੇਖ" ਵਿਚ ਗੁਰੂ ਸਾਹਿਬ ਵੱਲੋਂ ਉਚਾਰੀਆਂ ਗਈਆਂ ਵੱਖ-ਵੱਖ ਪੰਕਤੀਆਂ ਰਾਹੀਂ ਧਾਰਮਿਕ ਸਹਿਣਸ਼ੀਲਤਾ, ਚੰਗੇ ਇਨਸਾਨ ਬਣਨ, ਚੰਗੀ ਜੀਵਨ-ਜਾਚ ਅਪਨਾਉਣ, ਲੰਗਰ, ਪੰਗਤ ਤੇ ਸੰਗਤ ਦੀ ਬਾਖ਼ੂਬੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਰਥਿਕ ਤੇ ਸਮਾਜਿਕ ਨਾ-ਬਾਰਬਰੀ ਖ਼ਿਲਾਫ਼ ਭਰਪੂਰ ਆਵਾਜ਼ ਉਠਾਈ। ਡਾ. ਵਾਲੀਆ ਅਨੁਸਾਰ ਅੱਜਕੱਲ੍ਹ ਵਿਸ਼ਵੀਕਰਣ ਦੇ ਯੁੱਗ ਵਿਚ ਮਨੁੱਖੀ ਕਦਰਾਂ-ਕੀਮਤਾਂ ਵਿਚ ਕਾਫ਼ੀ ਨਿਘਾਰ ਆ ਗਿਆ ਹੈ ਅਤੇ ਇਸ ਦੇ ਸੁਧਾਰ ਲਈ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਜ਼ਰੂਰਤ ਹੈ। ਸੈਮੀਨਾਰ ਦੇ ਅਗਲੇ ਵਕਤਾ ਡਾ. ਕੰਵਲਜੀਤ ਢਿੱਲੋਂ ਨੇ ਆਪਣੇ ਪੇਪਰ "ਗੁਰੂ ਨਾਨਕ ਦੀ ਵਿਚਾਰਧਾਰਾ ਤੇ ਔਰਤਾਂ ਦੀ ਸਥਿਤੀ" ਵਿਚ ਸਿੱਖ ਇਤਿਹਾਸ ਦੀਆਂ ਮਹਾਨ ਮਾਤਾਵਾਂ ਮਾਤਾ ਤ੍ਰਿਪਤਾ, ਮਾਤਾ ਸੁਲੱਖਣੀ, ਬੇਬੇ ਨਾਨਕੀ, ਮਾਈ ਭਾਗੋ ਆਦਿ ਦਾ ਬਾਖ਼ੂਬੀ ਜ਼ਿਕਰ ਕਰਦਿਆਂ ਹੋਇਆਂ ਕਿਹਾ ਕਿ ਅੱਜ ਦੇ ਸਮਾਜ ਵਿਚ ਜੀਵਨ ਦੇ ਤਿੰਨ ਪ੍ਰਮੁੱਖ ਪੜਾਆਂ ਜਨਮ, ਵਿਆਹ ਅਤੇ ਮੌਤ ਸਮੇਂ ਔਰਤ ਨੂੰ ਮਰਦ ਨਾਲੋਂ ਪਿੱਛੇ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿਚ ਮੁੰਡਿਆਂ ਲਈ ਤਾਂ ਅਨੇਕਾਂ ਲੋਰੀਆਂ ਹਨ ਪਰ ਕੁੜੀਆਂ ਲਈ ਕੋਈ ਵੀ ਲੋਰੀ ਨਹੀਂ ਹੈ। ਏਸੇ ਤਰ੍ਹਾਂ ਵਿਆਹ ਸਮੇਂ ਮਰਦ ਅੱਗੇ-ਅੱਗੇ ਚੱਲਦਾ ਹੈ ਤੇ ਔਰਤ ਉਸ ਦੇ ਪਿੱਛੇ-ਪਿੱਛੇ ਅਤੇ ਮੌਤ ਸਮੇਂ ਮਿਰਤਕ ਦੀ ਚਿਖ਼ਾ ਨੂੰ ਅਗਨੀ ਪੁੱਤਰ ਜਾਂ ਪਰਿਵਾਰ ਦਾ ਕੋਈ ਹੋਰ ਮਰਦ ਦਿੰਦਾ ਹੈ, ਧੀ ਨਹੀਂ। ਉਨ੍ਹਾਂ ਕਿਹਾ ਕਿ ਧਾਰਮਿਕ ਪੱਧਰ 'ਤੇ ਔਰਤ ਨੂੰ ਪੰਜਾਂ-ਪਿਆਰਿਆਂ ਵਿਚ ਸ਼ਾਮਲ ਹੋਣ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਗ੍ਰੰਥੀ ਵਜੋਂ ਸੇਵਾ ਕਰਨ ਅਤੇ ਇੱਥੋਂ ਤੀਕ ਕਿ ਸਵੇਰ ਵੇਲੇ ਦਰਬਾਰ ਸਾਹਿਬ ਦੇ ਪਵਿੱਤਰ ਅਸਥਾਨ ਨੂੰ ਅੰਦਰੋਂ ਇਸ਼ਨਾਨ ਕਰਾਉਣ ਦੀ ਵੀ ਆਗਿਆ ਨਹੀਂ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਸਮਾਜ ਵਿਚ ਫੋਕੀ ਆਕੜ ਲਈ ਧੀਆਂ ਨੂੰ ਕਤਲ ਕਰਨ ਦਾ ਵੀ ਜ਼ਿਕਰ ਕੀਤਾ। ਏਸੇ ਤਰ੍ਹਾਂ ਇਸ ਸੈਸ਼ਨ ਵਿਚ ਹੋਰ ਬੁਲਾਰਿਆਂ ਡਾ. ਕੁਲਦੀਪ ਕੌਰ ਪਾਹਵਾ ਅਤੇ ਜਨਾਬ ਅਰਸ਼ਦ ਮਹਿਮੂਦ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਰੋਤਿਆਂ ਵੱਲੋਂ ਆਏ ਸੁਆਲਾਂ ਦੇ ਜੁਆਬ ਬੁਲਾਰਿਆਂ ਵੱਲੋਂ ਦਿੱਤੇ ਗਏ। ਇਸ ਸੈਸ਼ਨ ਦੀ ਕਾਰਵਾਈ ਨੂੰ ਸੁਚੱਜੇ ਢੰਗ ਨਾਲ ਸਮੇਟਦਿਆਂ ਹੋਇਆਂ ਪੂਰਨ ਸਿੰਘ ਪਾਂਧੀ ਨੇ ਕਿਹਾ ਕਿ ਗੁਰੂ ਨਾਨਕ ਦੀ ਬਾਣੀ ਵਿਚ ਰਾਗਾਂ ਦੀ ਆਪਣੀ ਹੀ ਮਹੱਤਤਾ ਹੈ ਅਤੇ ਗੁਰੂ ਸਾਹਿਬ ਨੇ 19 ਵੱਖ-ਵੱਖ ਰਾਗਾਂ ਵਿਚ ਆਪਣੀ ਬਾਣੀ ਲਿਖੀ ਹੈ।

ਸੈਮੀਨਾਰ ਦੇ ਆਖ਼ਰੀ ਸੈਸ਼ਨ "ਨਾਨਕ ਸਾਇਰ ਏਵ ਕਹਿਤ ਹੈ" ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਕਰਦਿਆਂ ਹੋਇਆਂ ਉੱਘੀ-ਕਵਿੱਤਰੀ ਸੁਰਜੀਤ ਕੌਰ ਵੱਲੋਂ ਵੱਖ-ਵੱਖ ਕਵੀਆਂ ਤੇ ਕਵਿੱਤਰੀਆਂ ਨੂੰ ਵਾਰੋ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਜਸਵੰਤ ਜ਼ਫ਼ਰ, ਗੁਰਤੇਜ ਕੁਹਾੜਵਾਲਾ, ਤਾਹਿਰਾ ਸਰਾਂ, ਗੁਰਮੀਤ ਕੜਿਆਲਵੀ ਅਤੇ ਬਲਜੀਤ ਰੈਣਾ ਸ਼ਾਮਲ ਕਵੀਆਂ ਤੇ ਕਵਿੱਤਰੀਆਂ ਤੋਂ ਇਲਾਵਾ ਜਸਪਾਲ ਦੇਸੂਹੀ, ਸੁਰਿੰਦਰ ਨੀਰ ਤੇ ਲਵੀਨ ਗਿੱਲ ਨੇ ਵੀ ਆਪਣੀ ਕਵਿਤਾਵਾਂ ਪੇਸ਼ ਕੀਤੀਆਂ। ਜਸਵੰਤ ਜ਼ਫ਼ਰ, ਗੁਰਤੇਜ ਕੁਹਾੜਵਾਲਾ ਤੇ ਤਾਹਿਰਾ ਸਰਾਂ ਦੀਆਂ ਤਿੰਨ-ਤਿੰਨ, ਚਾਰ-ਚਾਰ ਕਵਿਤਾਵਾਂ ਸੁਣਨ ਤੋਂ ਬਾਅਦ ਵੀ ਸਰੋਤਿਆਂ ਵੱਲੋਂ ਉਨ੍ਹਾਂ ਨੂੰ ਹੋਰ ਕਵਿਤਾਵਾ ਸਨਾਉਣ ਦੀ ਮੰਗ ਕੀਤੀ ਗਈ ਜਿਸ ਨੂੰ ਉਨ੍ਹਾਂ ਨੇ ਖਿੜੇ-ਮੱਥੇ ਪ੍ਰਵਾਨ ਕੀਤਾ। ਅਖ਼ੀਰ ਵਿਚ ਆਏ ਮਹਿਮਾਨਾਂ ਤੇ ਬੁਲਾਰਿਆਂ ਨੂੰ ਪ੍ਰਬੰਧਕਾਂ ਵੱਲੋਂ ਮੋਮੈਂਟੋ ਤੇ ਲੋਈਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅਹਿਮਦੀਆ ਮੁਸਲਮਾਨ ਜਮਾਤ ਦੇ ਨੁਮਾਇੰਦਿਆਂ ਜਨਾਬ ਦਬੀਰ ਸ਼ੇਖ ਅਤੇ ਬਸ਼ੱਰਤ ਚੱਠਾ ਵੱਲੋਂ ਮਹਿਮਾਨਾਂ ਤੇ ਬੁਲਾਰਿਆਂ ਨੂੰ ਇਸਲਾਮ ਨਾਲ ਸਬੰਧਿਤ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਅਖ਼ੀਰ ਵਿਚ ਡਾ. ਝੰਡ ਵੱਲੋਂ ਸੈਮੀਨਾਰ ਦੇ ਸਮੂਹ ਬੁਲਾਰਿਆਂ, ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸੈਮੀਨਾਰ ਦੌਰਾਨ ਵੀਡੀਓਗ੍ਰਾਫ਼ੀ ਦੀ ਸੇਵਾ ਮਨਦੀਪ ਔਜਲਾ ਅਤੇ ਸਟਿੱਲ ਫ਼ੋਟੋਗ੍ਰਾਫ਼ੀ ਦੈ ਸੇਵਾ ਕੁਲਜੀਤ ਰੇਹਾਲ ਵੱਲੋਂ ਨਿਭਾਈ ਗਈ। ਇਸ ਸੈਮੀਨਾਰ ਵਿਚ ਸ਼ਿਰਕਤ ਕਰਨ ਵਾਲਿਆਂ ਦੀ ਗਿਣਤੀ ਵੀ 200 ਤੋਂ ਵਧੇਰੇ ਸੀ ਜੋ ਸਹਿਜੇ ਹੀ ਇਸ ਦੀ ਸਫ਼ਲਤਾ ਦਾ ਸੂਚਕ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬੀ ਭਵਨ ਟੋਰਾਂਟੋ ਵੱਲੋਂ ਪੰਜਾਬੀ ਯੂਨੀਵਸਿਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਹ ਅੰਤਰਰਾਸ਼ਟਰੀ ਸੈਮੀਨਾਰ ਬੇਹੱਦ ਸਫ਼ਲ ਰਿਹਾ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
◦ General Labour
◦ Machine Operators
◦ Millwright's
◦ Forklift Driver
◦ AZ-DZ Drivers
◦ Machine Mechanic
◦ Shift Supervisor
◦ Office Admin
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ‘ਕਾਫਿਰ’ ਦੋ ਗੁਆਂਢੀ ਮੁਲਕਾਂ ਨੂੰ ਕਰੀਬ ਲਿਆਉਣ ਦੀ ਕਹਾਣੀ : ਮੋਹਿਤ ਰੈਨਾ



ਮੋਹਿਤ ਰੈਨਾ ਦੇ ਲਈ ਕਸ਼ਮੀਰ ਬਤੌਰ ਲੋਕੇਸ਼ਨ ਲੱਕੀ ਮੈਸਕਟ ਸਾਬਿਤ ਹੋ ਰਿਹਾ ਹੈ। ਉਹ ਖੁਦ ਉਸ ਇਲਾਕੇ ਤੋਂ ਹਨ। ਕਸ਼ਮੀਰ ਦੇ ਬੈਕਡ੍ਰਾਪ 'ਤੇ ਉਹ ਵੈੱਬ ਸ਼ੋਅ ‘ਕਾਫਿਰ’ ਲੈ ਕੇ ਡਿਜੀਟਲ ਡੈਬਿਊ ਕਰ ਰਹੇ ਹਨ ਅਤੇ ਇਸ ਵਿੱਚ ਉਹ ਇੱਕ ਵਕੀਲ ਦੀ ਭੂਮਿਕਾ ਨਿਭਾ ਰਹੇ ਹਨ। 2019 ਵਿੱਚ ਮੋਹਿਤ ਦੀ ਫਿਲਮ ਉੜੀ’ ਆਈ ਜੋ ਕਸ਼ਮੀਰ ਦੇ ਬੈਕਡ੍ਰਾਪ 'ਤੇ ਸੀ। ‘ਕਾਫਿਰ' ਦੀ ਕਹਾਣੀ ਕਸ਼ਮੀਰ ਉੱਤੇ ਹੈ, ਪਰ ਇਸ ਦੇ ਬਹੁਤੇ ਸ਼ੂਟ ਹਿਮਾਚਲ ਵਿੱਚ ਹੋਏ ਹਨ। ਇਸ ਫਿਲਮ ਵਿੱਚ ਵਕੀਲ ਦਾ ਰੋਲ ਨਿਭਾ ਕੇ ਮੋਹਿਤ ਕਾਫੀ ਖੁਸ਼ ਹਨ ਤੇ ਪਹਿਲੀ ਵਾਰ ਦੀਆ ਮਿਰਜ਼ਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਨਾਲ ਮੁਲਾਕਾਤ ਵਿੱਚ ਵੈੱਬ ਡੈਬਿਊ ਕਰਨ ਅਤੇ ‘ਕਾਫਿਰ' ਬਾਰੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਇਹ ਵੈੱਬ ਸ਼ੋਅ ਮੂਲ ਰੂਪ ਤੋਂ ਕਿਨ੍ਹਾਂ ਚੀਜ਼ਾਂ ਦੀ ਗੱਲਾਂ ਕਰਦਾ ਹੈ?

– ਅਸਲ ਵਿੱਚ ਤਾਂ ਇਹ ਲਵ ਸਟੋਰੀ ਹੈ ਇੱਕ ਲੜਕੀ ਦੀ, ਜੋ ਅਜਿਹੇ ਹਾਲਾਤ ਵਿੱਚ ਫਸ ਕੇ ਰਹਿ ਜਾਂਦੀ ਹੈ, ਜਿੱਥੇ ਉਸ ਨੂੰ ਕਿਸੇ ਦੀ ਮਦਦ ਦੀ ਲੋੜ ਹੈ। ਮੇਰਾ ਵਕੀਲ ਦਾ ਕਿਰਦਾਰ ਉਸ ਦੀ ਮਦਦ ਕਰਦਾ ਹੈ। ਉਹ ਵੀ ਪਾਕਿਸਤਾਨੀ ਲੜਕੀ ਦਾ, ਜੋ ਸੱਤ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ, ਸਾਰੇ ਹਾਲਾਤ ਦੋਵਾਂ ਦੇ ਖਿਲਾਫ ਹਨ। ਇਥੇ ਥ੍ਰਿਲਰ ਤੋਂ ਜ਼ਿਆਦਾ ਇਨਸਾਨੀ ਰਿਸ਼ਤਿਆਂ ਦੀਆਂ ਗੱਲਾਂ ਹਨ। ਇਸ ਕਹਾਣੀ ਦਾ ਇੱਕ ਏਜੰਡਾ ਹੈ। ਸਾਡੇ ਕਹਿਣ ਦਾ ਕੁਝ ਵੀ ਅਜਿਹਾ ਤਰੀਕਾ ਨਹੀਂ ਹੈ, ਜਿਸ ਦੇ ਦੋ-ਤਿੰਨ ਮਤਲਬ ਨਿਕਲ ਰਹੇ ਹੋਣ। ਇਹ ਬੜੀ ਸਿੰਪਲ ਜਿਹੀ ਕਹਾਣੀ ਹੈ।

* ਕੀ ਦੋ ਮਜ਼੍ਹਬਾਂ ਵਿੱਚ ਪਿਆਰ ਦਾ ਸੰਦੇਸ਼ ਦੇਣ ਵਾਲਾ ਵੈਬ ਸ਼ੋਅ ਲੋਕ ਸਵੀਕਾਰ ਕਰਨਗੇ?

– ਮੇਰੇ ਖਿਆਲ ਵਿੱਚ ਇਹ ਵੈਬ ਸ਼ੋਅ ਦੇਖ ਕੇ ਦੋਵਾਂ ਦੇਸ਼ਾਂ ਤੇ ਮਜ਼੍ਹਬ ਦੇ ਲੋਕ ਹੋਰ ਨਾਲ ਜੁੜਨਾ ਚਾਹੁਣਗੇ। ਇਹ ਲੋਕਾਂ ਵਿੱਚ ਵਖਰੇਵਾਂ ਪੈਦਾ ਕਰਨ ਦੀ ਸਟੋਰੀ ਨਹੀਂ, ਅਸੀਂ ਦੋਵਾਂ ਮੁਲਕਾਂ ਨੂੰ ਨਜ਼ਦੀਕ ਲਿਆਉਣ ਦੀ ਕਹਾਣੀ ਕਹਿ ਰਹੇ ਹਾਂ।

* ਅੱਗੇ ਕਿਹੋ ਜਿਹੇ ਕਿਰਦਾਰ ਕਰਨ ਦੀ ਖਾਹਿਸ਼ ਹੈ?

– ਅਜਿਹੇ, ਜਿਨ੍ਹਾਂ ਦੀ ਜ਼ਿੰਦਗੀ ਦੇ ਸਫਰ ਵਿੱਚ ਕਹਿਣ ਨੂੰ ਬਹੁਤ ਕੁਝ ਹੋਵੇ। ਕਹਾਣੀਆਂ ਜੋ ਰੋਜ਼ਾਨਾ ਦੇ ਤਜਰਬਿਆਂ ਤੋਂ ਆਉਂਦੀਆਂ ਹਨ। ਉਨ੍ਹਾਂ ਵਿੱਚ ਬਹੁਤ ਸਾਰੀਆਂ ਕਹਾਣੀਆਂ ਹੁੰਦੀਆਂ ਹਨ, ਜੋ ਹਰ ਤਰ੍ਹਾਂ ਦੇ ਦਰਸ਼ਕਾਂ ਨੂੰ ਪਸੰਦ ਆਉਂਦੀਆਂ ਹਨ। ਉਨ੍ਹਾਂ ਨਾਲ ਜੁੜ ਜਾਂਦੇ ਹਨ। ਮੈਂ ਫਿਲਮਾਂ ਵਿੱਚ ਓਦਾਂ ਦਾ ਕੰਮ ਕਰਨਾ ਚਾਹਾਂਗਾ, ਜੋ ਮੈਨੂੰ ਬਹੁਤ ਸਾਰੇ ਇਮੋਸ਼ਨਲ ਪੈਟਰਨ ਜ਼ਾਹਿਰ ਕਰਨ ਦਾ ਮੌਕਾ ਦੇਣ ਅਤੇ ਉਸ ਮੌਕੇ ਨੂੰ ਮੈਂ ਹੱਥੋਂ ਨਹੀਂ ਜਾਣ ਦਿਆਂਗਾ।

* ਵਕੀਲ ਦਾ ਰੋਲ ਨਿਭਾਉਣ ਲਈ ਕੀ ਤਿਆਰੀ ਕੀਤੀ ਹੈ?

– ਇਸ ਕਿਰਦਾਰ ਵਿੱਚ ਪੇਸ਼ੇ ਨਾਲ ਜੁੜੀਆਂ ਤਕਨੀਕਾਂ ਨਹੀਂ, ਜੋ ਮੈਨੂੰ ਸਿੱਖਣੀਆਂ ਪਈਆਂ। ਇਸ ਵਿੱਚ ਵੱਧ ਜ਼ਰੂਰਤ ਇਮੋਸ਼ਨਜ਼ ਦੀ ਸੀ। ਅਸਲ ਇਨਸਾਨੀ ਜਜ਼ਬਾਤਾਂ ਨੂੰ ਸਮਝਣ ਦੀ ਜ਼ਰੂਰਤ ਸੀ। ਇਹ ਸੋਚ ਦਿਮਾਗ ਵਿੱਚ ਲਿਆਉਣੀ ਸੀ ਕਿ ਤੁਸੀਂ ਕਿਸ ਤਰ੍ਹਾਂ ਉਲਟ ਹਾਲਾਤਾਂ, ਬਿਨਾਂ ਕਿਸੇ ਗਰਜ ਨੂੰ ਭੁਲਾਉਂਦੇ ਹੋਏ ਕਿਸੇ ਦੇ ਮਦਦਗਾਰ ਬਣ ਸਕਦੇ ਹੋ।

* ਕਿੰਨੇ ਸਾਲ ਟੀ ਵੀ ਤੋਂ ਦੂਰ ਰਹਿਣ ਵਾਲੇ ਹੋ?

– ਇਹ ਡਿਪੈਂਡ ਕਰਦਾ ਹੈ ਕਿ ਚੰਗੀ ਸਕ੍ਰਿਪਟ ਕਦੋਂ ਆਉਂਦੀ ਹੈ। ਓਦਾਂ ਦੀਆਂ ਕਹਾਣੀਆਂ ਜਿੱਥੋਂ ਵੀ ਆਉਣਗੀਆਂ, ਮੈਂ ਕਰਦਾ ਰਹਾਂਗਾ। ਕਿਸੇ ਮੀਡੀਅਮ ਨੂੰ ਵੱਧ ਜਾਂ ਘੱਟ ਫੇਵਰ ਕਰਨ ਦਾ ਏਜੰਡਾ ਨਹੀਂ ਹੈ ਮੇਰਾ। ਮੇਰਾ ਮੁੱਦਾ ਚੰਗਾ ਕਿਰਦਾਰ ਨਿਭਾਉਣ ਦਾ ਹੈ, ਤਾਂ ਕਿ ਰਿਟਾਇਰਮੈਂਟ ਦੇ ਬਾਅਦ ਆਪਣੇ ਕੀਤੇ ਕੰਮਾਂ 'ਤੇ ਨਜ਼ਰ ਮਾਰਾਂ ਤਾਂ ਖੁਦ ਨਾਲ ਨਜ਼ਰਾਂ ਮਿਲਾ ਸਕਾਂ ਕਿ ਉਨ੍ਹਾਂ ਕਿਰਦਾਰਾਂ ਨੇ ਲੋਕਾਂ ਦੀ ਜ਼ਿੰਦਗੀ ਬਦਲੀ।

* ਮਾਇਥੋਲਾਜੀਕਲ ਕਿਰਦਾਰ ਬਾਰੇ ਓਪਨ ਹੋ ਜਾਂ ਉਨ੍ਹਾਂ ਤੋਂ ਵੀ ਦੂਰ ਰਹੋਗੇ?

– ਅਜੇ ਮੈਂ ਵੈੱਬ ਸੀਰੀਜ਼ ਅਤੇ ਜੋ ਫਿਲਮਾਂ ਹੱਥ ਵਿੱਚ ਹਨ, ਉਨ੍ਹਾਂ ਤੋਂ ਬਹੁਤ ਖੁਸ਼ ਹਾਂ। ਡਿਜੀਟਲ ਦੇ ਜ਼ਮਾਨੇ ਵਿੱਚ ਤੁਸੀਂ ਤਿੰਨ ਚਾਰ ਵੈੱਬ ਸੀਰੀਜ਼ ਕਰ ਲੈਂਦੇ ਹੋ ਤਾਂ ਉਹ ਬਹੁਤ ਹੈ। ਇਸ ਸਾਲ ਉਂਝ ਦੋ ਤਿੰਨ ਫਿਲਮਾਂ ਵੀ ਲਾਈਨ ਅਪ ਹਨ। ਡਾਇਰੈਕਟਰ ਦਿਨੇਸ਼ ਵਿਜਨ ਦੇ ਨਾਲ ਵੀ ਕੰਮ ਕਰ ਰਿਹਾ ਹਾਂ। ਇੱਕ-ਦੋ ਹੋਰ ਫਿਲਮਾਂ ਹਨ, ਜੋ ਅਨਾਊਂਸ ਹੋਣੀਆਂ ਬਾਕੀ ਹਨ। ਜਲਦੀ ਹੀ ਆਈ ਪੀ ਐੱਸ ਨਵਨੀਤ ਸਿਕੇਰਾ 'ਤੇ ਬਣਨ ਵਾਲੀ ਵੈੱਬ ਸ਼ੋਅ ਵਿੱਚ ਵੀ ਜਾਵਾਂਗਾ।

# ਜੈਕਲੀਨ ਮੂੰਹ ਢਕ ਕੇ ਨੈਨੀਤਾਲ ਵਿੱਚ ਘੁੰਮੀ



ਬਾਲੀਵੁੱਡ ਦੀਆਂ ਸਭ ਤੋਂ ਹੌਟ ਅਭਿਨੇਤਰੀਆਂ ਵਿੱਚੋਂ ਇੱਕ ਜੈਕਲੀਨ ਫਰਨਾਂਡੀਸ ਸੋਸ਼ਲ ਮੀਡੀਆ ਉੱਤੇ ਕਾਫੀ ਐਕਟਿਵ ਰਹਿੰਦੀ ਹੈ ਤੇ ਅਕਸਰ ਆਪਣੇ ਵੀਡੀਓਜ਼ ਅਤੇ ਤਸਵੀਰਾਂ ਸ਼ੇਅਰ ਕਰਦੀ ਰਹਿੰਦੀ ਹੈ, ਜਿਨ੍ਹਾਂ ਨੂੰ ਉਸ ਦੇ ਫੈਨਜ਼ ਕਾਫੀ ਪਸੰਦ ਕਰਦੇ ਹਨ। ਇਨ੍ਹੀਂ ਦਿਨੀਂ ਉਹ ਨੈਨੀਤਾਲ ਪਹੁੰਚੀ ਹੋਈ ਹੈ ਅਤੇ ਆਪਣੀਆਂ ਫ੍ਰੈਂਡਜ਼ ਨਾਲ ਉਸ ਨੇ ਇੰਸਟਾ ਅਕਾਊਂਟ ਉੱਤੇ ਫੋਟੋ ਸ਼ੇਅਰ ਕੀਤੀ ਹੈ, ਜਿਸ ਵਿੱਚ ਉਹ ਸਕਾਰਫ ਨਾਲ ਆਪਣਾ ਚਿਹਰਾ ਲੁਕੋਈ ਦਿੱਸ ਰਹੀ ਤੇ ਫ੍ਰੈਂਡਜ਼ ਨਾਲ ਨੈਨੀਤਾਲ ਦੇ ਬਾਜ਼ਾਰ 'ਚ ਘੁੰਮ ਰਹੀ ਹੈ। ਇਸ ਨੂੰ ਸ਼ੇਅਰ ਕਰਦੇ ਹੋਏ ਉਸ ਨੇ ਕੈਪਸ਼ਨ ਵਿੱਚ ਲਿਖਿਆ, ‘‘ਇਨ੍ਹਾਂ ਕਿਊਟੀਜ਼ ਨਾਲ ਨੈਨੀਤਾਲ 'ਚ ਛੋਟਾ ਜਿਹਾ ਮੋਮੋਜ਼ ਐਡਵੈਂਚਰ।’’

ਦਰਅਸਲ ਉਹ ਇਥੇ ਆਪਣੀ ਵੈੱਬ ਸੀਰੀਜ਼ ‘ਮਿਸਿਜ਼ ਸੀਰੀਅਲ ਕਿਲਰ’ ਦੀ ਸ਼ੂਟਿੰਗ ਲਈ ਆਈ ਹੈ। ਫਿਲਮ ਦੇ ਕੁਝ ਹਿੱਸਿਆਂ ਦੀ ਸ਼ੂਟਿੰਗ ਮੁੰਬਈ ਵਿੱਚ ਹੋਣੀ ਹੈ। ਇਸ ਵਿੱਚ ਉਸ ਦੇ ਆਪੋਜ਼ਿਟ ਮਨੋਜ ਵਾਜਪਾਈ ਹੋਣਗੇ। ਜਾਣਕਾਰ ਸੂਤਰਾਂ ਅਨੁਸਾਰ ਜੈਕਲੀਨ ਨੂੰ ਨੈਨੀਤਾਲ ਦੀਆਂ ਸ਼ਾਂਤ ਵਾਦੀਆਂ ਬਹੁਤ ਪਸੰਦ ਆਈਆਂ। ਪਹਾੜਾਂ ਦੀ ਕੁਦਰਤੀ ਸੁੰਦਰਤਾ ਨੇ ਉਸ ਦਾ ਮਨ ਮੋਹ ਲਿਆ, ਜਿਸ ਤੋਂ ਬਾਅਦ ਜੈਕਲੀਨ ਅਚਾਨਕ ਅਧਿਆਤਮਕ ਨਗਰੀ ਦਵਾਰਹਾਟ ਪਹੁੰਚ ਗਈ ਅਤੇ ਵਿਸ਼ਵ ਪ੍ਰਸਿੱਧ ਮਹਾਵਤਾਰ ਬਾਬਾ ਦੀ ਗੁਫਾ 'ਚ ਧਿਆਨ ਵੀ ਲਾਇਆ। ਦੇਰ ਸ਼ਾਮ ਉਹ ਉਥੋਂ ਆਪਣੇ ਹੋਟਲ ਪਰਤੀ। ਉਹ ਸੁਸ਼ਾਂਤ ਸਿੰਘ ਰਾਜਪੂਤ ਨਾਲ ਫਿਲਮ ‘ਡ੍ਰਾਈਵ’ ਵਿੱਚ ਆਏਗੀ। ਇਸ ਦੀ ਰਿਲੀਜ਼ ਕਈ ਵਾਰ ਟਲ ਚੁੱਕੀ ਹੈ। ਇਸ ਤੋਂ ਇਲਾਵਾ ਉਹ ਅਨੀਸ ਬਜ਼ਮੀ ਦੇ ਡਾਇਰੈਕਸ਼ਨ ਵਿੱਚ ਬਣ ਰਹੀ ਫਿਲਮ ‘ਆਂਖੇ’ ਦਾ ਰੀਮੇਕ ਵੀ ਕਰ ਰਹੀ ਹੈ।

# ‘ਤੁਰਮ ਖਾਨ’ ਦੇ ਨੈਗੇਟਿਵ ਕਿਰਦਾਰ ਵਿੱਚ ਹੋਣਗੇ ਜੀਸ਼ਾਨ ਅਯੂਬ



‘ਜੀਰੋ’, ‘ਮਣੀਕਰਣਿਕਾ’, ‘ਰਈਸ’, ‘ਰਾਂਝਣਾ’ ਅਤੇ ‘ਤਨੂ ਵੈਡਸ ਮਨੂ’ ਵਿੱਚ ਵੱਖ-ਵੱਖ ਕਿਰਦਾਰ ਨਿਭਾ ਚੁੱਕੇ ਮੁਹੰਮਦ ਜੀਸ਼ਾਨ ਅਯੂਬ ਫਿਰ ਨਾਂਹ-ਪੱਖੀ ਕਿਰਦਾਰ ਵਿੱਚ ਦਿਖਾਈ ਦੇਣਗੇ। ਇਸ ਤੋਂ ਪਹਿਲਾਂ ‘ਨੋ ਵਨ ਕਿਲਡ ਜੈਸਿਕਾ' ਵਿੱਚ ਉਸ ਨੇ ਨਕਾਰਾਤਮਕ ਭੂਮਿਕਾ ਨਿਭਾਈ ਸੀ। ਇਸ ਵਾਰੀ ਹੰਸਲ ਮਹਿਤਾ ਦੇ ਨਿਰਦੇਸ਼ਨ ਹੇਠਲੀ ਫਿਲਮ ‘ਤੁਰਮ ਖਾਨ' ਵਿੱਚ ਉਹ ਰਾਜ ਕੁਮਾਰ ਰਾਓ ਅਤੇ ਨੁਸਰਤ ਭਰੂਚਾ ਨਾਲ ਕੰਮ ਕਰ ਰਹੇ ਹਨ।

ਜੀਸ਼ਾਨ ਕਹਿੰਦੇ ਹਨ, ‘‘ਇਸ ਫਿਲਮ ਵਿੱਚ ਨੈਗੇਟਿਵ ਰੋਲ ਦਾ ਮੈਨੂੰ ਮਜ਼ਾ ਆ ਰਿਹਾ ਹੈ। ਮੈਂ ਪਹਿਲੀ ਫਿਲਮ ਵਿੱਚ ਵੀ ਨੈਗੇਟਿਵ ਰੋਲ ਕੀਤਾ ਸੀ। ‘ਨੋ ਵਨ ਕਿਲਡ ਜੈਸਿਕਾ’ ਦੇ ਬਾਅਦ ਉਸ ਸੁਭਾਅ ਦਾ ਕੋਈ ਕਿਰਦਾਰ ਮੇਰੇ ਕੋਲ ਨਹੀਂ ਆਇਆ ਸੀ। ਫਿਲਮ ਵਿੱਚ ਮੈਂ ਖਲਨਾਇਕ ਹਾਂ। ਇਸ ਵਿੱਚ ਜਦ ਮੇਰੇ ਕਿਰਦਾਰ ਦੀ ਐਂਟਰੀ ਹੁੰਦੀ ਹੈ, ਉਸ ਦੇ ਬਾਅਦ ਤੋਂ ਉਹ ਫਿਲਮ ਦਾ ਜ਼ਰੂਰੀ ਹਿੱਸਾ ਬਣ ਜਾਂਦਾ ਹੈ ਅਤੇ ਪੂਰੀ ਫਿਲਮ ਵਿੱਚ ਰਹਿੰਦਾ ਹੈ।’’

# ਤਪਦੀ ਧੁੱਪ ਵਿੱਚ ਅਮਾਇਰਾ ਦਸਤੂਰ ਨੇ ‘ਪ੍ਰਸਥਾਨਮ’ ਦੀ ਸ਼ੂਟਿੰਗ ਕੀਤੀ



ਫਿਲਮਾਂ ਵਿੱਚ ਸਿਤਾਰੇ ਭਾਵੇਂ ਚਮਕਦੇ ਅਤੇ ਖੂਬਸੂਰਤ ਦਿਸਣ, ਪਰ ਸ਼ੂਟਿੰਗ ਦੇ ਦੌਰਾਨ ਉਨ੍ਹਾਂ ਨੂੰ ਕਾਫੀ ਦਿੱਕਤਾਂ ਸਾਹਮਣਾ ਕਰਨਾ ਪੈਂਦਾ ਹੈ। ਅਭਿਨੇਤਰੀ ਅਮਾਇਰਾ ਦਸਤੂਰ ਤੇਲਗੂ ਫਿਲਮ ਦੀ ਹਿੰਦੀ ਰੀਮੇਕ ‘ਪ੍ਰਸਥਾਨਮ’ ਵਿੱਚ ਕੰਮ ਕਰ ਰਹੀ ਹੈ। ਇਸ ਫਿਲਮ ਵਿੱਚ ਸੰਜੇ ਦੱਤ, ਅਲੀ ਫਜ਼ਲ, ਜੈਕੀ ਸ਼ਰਾਫ ਅਤੇ ਮਨੀਸ਼ਾ ਕੋਇਰਾਲਾ ਆਦਿ ਕਲਾਕਾਰ ਹਨ। ਇੰਨੇ ਸੀਨੀਅਰ ਕਲਾਕਾਰਾਂ ਦੇ ਵਿੱਚ ਅਮਾਇਰਾ ਆਪਣੇ ਕੰਮ ਵਿੱਚ ਕੋਈ ਕਸਰ ਛੱਡਣਾ ਚਾਹੁੰਦੀ ਸੀ। ਇਸ ਫਿਲਮ ਦੇ ਇੱਕ ਰੋਮਾਂਟਿਕ ਗੀਤ ਨੂੰ ਉਸ ਨੇ ਤਿੰਨ ਦਿਨਾਂ ਵਿੱਚ ਤਿੱਖੀ ਧੁੱਪ ਅਤੇ ਗਰਮੀ ਵਿੱਚ ਸ਼ੂਟ ਕੀਤਾ ਹੈ। ਗਾਣੇ ਵਿੱਚ ਅਮਾਇਰਾ ਦੇ ਨਾਲ ਅਲੀ ਵੀ ਹੈ। ਉਸ ਦੀ ਸ਼ੂਟਿੰਗ ਫਤਿਹਪੁਰ ਸੀਕਰੀ ਅਤੇ ਆਗਰਾ ਦੀਆਂ ਪ੍ਰਸਿੱਧ ਇਤਿਹਾਸਕ ਯਾਦਗਾਰਾਂ ਵਿੱਚ ਹੋਈ ਹੈ। ਉੱਤਰ ਭਾਰਤ ਦੀ ਭਿਆਨਕ ਗਰਮੀ ਨੂੰ ਸਹਿਣਾ ਅਮਾਇਰਾ ਲਈ ਬੜਾ ਔਕੜ ਭਰਿਆ ਅਨੁਭਵ ਸੀ। ਬਕੌਲ ਅਮਾਇਰਾ, ‘‘ਇਸ ਫਿਲਮ ਦੀ ਸ਼ੂਟਿੰਗ ਮੇਰੇ ਲਈ ਕਾਫੀ ਮੁਸ਼ਕਲ ਰਹੀ। ਮੈਂ ਹਾਲਾਤਾਂ ਦੇ ਅਨੁਸਾਰ ਕੰਮ ਕੀਤਾ ਹੈ, ਪਰੰਤੂ ਇੰਨੀ ਗਰਮੀ ਨੂੰ ਸਹਿਣ ਕਰਨਾ ਮੇਰੇ ਲਈ ਕਾਫੀ ਬੁਰਾ ਅਨੁਭਵ ਰਿਹਾ।’’






www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com
Top Ranked Broker

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਕਵੀਨ-ਮੈਰੀ/ਸੈਂਡਲਵੁੱਡ
ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁੱਲ੍ਹੇ-ਡੁੱਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁੱਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON
ਵੈਨ ਕੁਕ/ਵੇਨਲੈਸ
ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁੱਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ, 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

CALEDON
ਸੈਂਟ ਏਂਡਰੀਊ/ ਹਾਈਵੇ 24
ਕੇਲਡਨ ਵਿੱਚ ਲਗਭਗ 2.52 ਏਕੜ ਵਿੱਚ ਬਹੁਤ ਹੀ ਸੋਹਣਾ 4+2 ਬੈਡਰੂਮ + 5 ਵਾਸ਼ਰੂਮ+3 ਕਾਰ ਗਰਾਜ + 14 ਕਾਰ ਪਾਰਕਿੰਗ ਦੇ ਨਾਲ ਹੀ ਬਹੁਤ ਹੀ ਸੋਹਣੀ ਲੈਂਡਸਕੇਪਿੰਗ ਕੀਤੀ ਹੈ। ਫਿਨੀਸ਼ਡ ਬੇਸਮੈਂਟ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। 24x36 L shaped ਦਾ ਹੀਟਿਡ ਪੂਲ।

BRAMPTON
ਵੇਨਲੈਸ/ਵੈਨ ਕੁਕ
ਬਹੁਤ ਹੀ ਵਧੀਆ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ 50 ਫੁੱਟ Premium Corner Lot, ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਓਕ ਸਟੇਅਰਜ਼, ਹਾਡਵੁਡ ਤੇ ਲੈਮੀਨੇਟ, ਕੈਲੀਫੋਰਨੀਆ ਸ਼ਟਰਜ਼, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

BRAMPTON
ਏਅਰਪੋਰਟ ਰੋਡ/ਸੈਂਡਲਵੁੱਡ
ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, Unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੁਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਉਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!
WINTER & SPRING SPECIAL SALE
•WINDOWS •FIBERGLASS DOORS
•STEEL DOORS •SLIDING PATIO DOORS
Guaranteed lowest Price up to 50% OFF
▪Honest & fair prices ▪Professional installation
▪High quality products ▪First class service
For 5 Stars Reviews Online & Testimonial visit: https://thwindowsdoors.com/testimonials/
Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE
Specialization In:
★All Kinds of Body Work
★Auto Glass Windshield
★Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
○ 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
○ ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystem.com
Call: 416-452-0677

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ
ਕਲੀਨਿਕ ਵਿੱਚ ਫਾਰਮਇਸਟ ਉਪਲਬਧ
• ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
• ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
• Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
• ਲੈਬ ਸੇਵਾਵਾਂ
• ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ
New patients welcome / 7 ਦਿਨ ਖੁੱਲ੍ਹਾ
ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ Punjabi/Urdu/Hindi
ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952